
# ਬਸੰਤ

## ਸ਼ਬਦ ਕੀਰਤਨ




ਡਾ. ਗੁਰਨਾਮ ਸਿੰਘ

## ਬਸੰਤ ਸ਼ਬਦ ਕੀਰਤਨ


| | |
|---|---|
| **ਗੁਰਮਤਿ ਸੰਗੀਤ ਵਿਚ ਰਾਗ ਬਸੰਤ** | 1–3 |
| **ਰਾਜਾ ਰਾਮ ਮਉਲਿਆ ਅਨਤ ਭਾਇ** : ਬਸੰਤ ਸ਼ੁੱਧ (ਪੁਰਾਤਨ) | 4 |
| **ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ** : ਬਸੰਤ ਹਿੰਡੋਲ (ਰਿਸ਼ਭ ਰਹਿਤ) | 5–6 |
| **ਰਾਮ ਰਾਮ ਬੋਲਿ ਰਾਮ ਰਾਮ** : ਬਸੰਤ ਹਿੰਡੋਲ (ਰਿਸ਼ਭ ਸਹਿਤ) | 6–7 |
| **ਦੇਖ ਫੂਲ ਫੂਲ ਫੂਲੇ** : ਬਸੰਤ (ਪੂਰਵੀ) | 8–9 |
| **ਗ੍ਰਿਹਿ ਤਾ ਕੇ ਬਸੰਤੁ ਗਨੀ** : ਬਸੰਤ ਸ਼ੁੱਧ (ਪੁਰਾਤਨ) | 9–10 |
| **ਮਨ ਕਹਾ ਬਿਸਾਰਿਓ ਰਾਮ ਨਾਮੁ** : ਬਸੰਤ ਸ਼ੁੱਧ (ਪੁਰਾਤਨ) | 10 |
| **ਮਾਈ ਮੈ ਧਨੁ ਪਾਇਓ ਹਰਿ ਨਾਮੁ** : ਬਸੰਤ ਹਿੰਡੋਲ (ਰਿਸ਼ਭ ਰਹਿਤ) | 11 |
| **ਕਤ ਜਾਈਐ ਰੇ ਘਰ ਲਾਗੋ ਰੰਗੁ** : ਬਹਾਰ (ਬਸੰਤ) | 12 |
| **ਹੋਲੀ ਕੀਨੀ ਸੰਤ ਸੇਵ** : ਬਸੰਤ ਸ਼ੁੱਧ (ਪੁਰਾਤਨ) | 13–14 |
| **ਅਸ ਕ੍ਰਿਪਾਨ ਖੰਡੋ ਖੜਗ** : ਬਸੰਤ ਹਿੰਡੋਲ (ਰਿਸ਼ਭ ਸਹਿਤ) | 14–15 |
| **ਬਸੰਤ ਪਉੜੀ** : ਬਸੰਤ ਸ਼ੁੱਧ (ਪੁਰਾਤਨ) | 15–17 |



**ਗਾਇਨ ਤੇ ਸ਼ਬਦ ਕੀਰਤਨ ਰਚਨਾਵਾਂ : ਡਾ. ਗੁਰਨਾਮ ਸਿੰਘ**

**ਗਾਇਨ ਸਹਿਯੋਗ :** ਡਾ. ਜੈਪਾਲ ਸਿੰਘ, ਸ੍ਰ. ਰਾਜਵਿੰਦਰ ਸਿੰਘ, ਸ੍ਰ. ਸੰਦੀਪ ਸਿੰਘ, ਸ੍ਰ. ਗਗਨਦੀਪ ਸਿੰਘ, ਸ੍ਰੀ ਅਲੀ ਅਕਬਰ ਅਤੇ ਸ੍ਰੀ ਓਮ ਪ੍ਰਕਾਸ਼ ਥਾਪਰ।

**ਪ੍ਰਕਾਸ਼ਨ ਸਹਿਯੋਗ :** ਡਾ. ਅੰਮ੍ਰਿਤਪਾਲ ਕੌਰ, ਸ੍ਰ. ਅਮਰਿੰਦਰ ਸਿੰਘ, ਰਾਜਕੁਮਾਰ ਅਤੇ ਸ੍ਰ. ਮਨਪ੍ਰੀਤ ਸਿੰਘ।

# ਬਸੰਤ : ਸ਼ਬਦ ਕੀਰਤਨ

ਡਾ. ਗੁਰਨਾਮ ਸਿੰਘ

GRACIOUS

© Author

# BASANT : SHABAD KIRTAN

BY

**Dr. Gurnam Singh**

Professor & Head

Gurmat Sangeet Chair - Department of Gurmat Sangeet

Punjabi University, Patiala

drgnam@yahoo.com

ISBN : 978-93-80906-77-5

YEAR : 2014

Published By

**Gracious Books**

SCO 23 Shalimar Plaza Opp. Punjabi University, Patiala.

LIG-13 Phase-1 Urban Estate, Patiala.

9815616558, 5007643

graciousbooks@yahoo.co.in, www.graciousbooks.ins

# ਗੁਰਮਤਿ ਸੰਗੀਤ ਵਿਚ ਰਾਗ ਬਸੰਤ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਸੰਤ ਰਾਗ ਅਧੀਨ ਅੰਕਿਤ ਬਾਣੀ ਵਿਚ ਪ੍ਰਕ੍ਰਿਤੀ ਦੇ ਮੌਲਣ ਤੇ ਵਿਗਸਣ ਦੀ ਪ੍ਰਕ੍ਰਿਆ ਦੇ ਪ੍ਰਤੀਕਾਤਮਕ ਚਿਤਰਣ ਦੁਆਰਾ ਆਤਮ ਵਿਗਾਸ ਦਾ ਸੁਨੇਹਾ ਦਿਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਧੀਨ ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਭਗਤ ਕਬੀਰ ਜੀ, ਭਗਤ ਤ੍ਰਿਲੋਚਨ ਜੀ, ਭਗਤ ਰਾਮਾਨੰਦ ਜੀ, ਭਗਤ ਨਾਮਦੇਵ ਜੀ ਅਤੇ ਭਗਤ ਰਵਿਦਾਸ ਜੀ ਦੀ ਇਲਾਹੀ ਬਾਣੀ ਅੰਕਿਤ ਹੈ। ਬਾਣੀ ਵਿਚ ਰੁੱਤਾਂ ਦਾ ਵਰਣਨ ਕਰਦਿਆਂ ਰਾਗ ਰਾਮਕਲੀ ਦੇ ਅੰਤਰਗਤ 'ਰੁਤੀ' ਬਾਣੀ ਸਿਰਲੇਖ ਅਧੀਨ ਚੇਤ ਅਤੇ ਵੈਸਾਖ ਨੂੰ ਬਸੰਤ ਰੁੱਤ ਮੰਨਿਆ ਗਿਆ ਹੈ:

*ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ॥* (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੭)

ਬਸੰਤ ਰਾਗ ਵਿਚ ਨਿਰਧਾਰਤ ਬਾਣੀ ਦਾ ਗਾਇਨ ਬਸੰਤ ਰਾਗ ਦੇ ਸਮਾਂ ਸਿਧਾਂਤ ਅਨੁਸਾਰ ਨਿਰਧਾਰਤ ਸਮੇਂ, ਬਸੰਤ ਰੁੱਤ ਵਿਚ ਹਰ ਸਮੇਂ ਅਤੇ ਬਸੰਤ ਰਾਗ ਗਾਉਣ ਦੀ ਪ੍ਰਚਲਿਤ ਸਿੱਖ ਮਰਿਆਦਾ ਅਨੁਸਾਰ ਕੀਤਾ ਜਾਂਦਾ ਹੈ।

ਸਿੱਖ ਧਰਮ ਵਿਚ ਸ਼ਬਦ ਕੀਰਤਨ ਦੀ ਸੰਪੂਰਨ ਪ੍ਰਸਤੁਤੀ ਜਾਂ ਪੇਸ਼ਕਾਰੀ ਨੂੰ *ਸ਼ਬਦ ਕੀਰਤਨ ਚਉਕੀ* ਆਖਿਆ ਜਾਂਦਾ ਹੈ। ਸਿੱਖ ਧਰਮ ਵਿਚ ਕੀਰਤਨ ਦੀ ਪ੍ਰਧਾਨਤਾ ਹੈ, ਇਸੇ ਲਈ ਹਰ ਅਵਸਰ ਉੱਤੇ ਕੀਰਤਨ ਦਾ ਵਿਸ਼ੇਸ਼ ਪ੍ਰਚਲਨ ਹੈ। ਰਾਗਾਂ ਦੇ ਕਾਲ ਚੱਕਰ ਅਨੁਸਾਰ *ਆਸਾ ਦੀ ਵਾਰ ਦੀ ਚਉਕੀ, ਬਿਲਾਵਲ ਦੀ ਚਉਕੀ, ਕਾਨੜ੍ਹੇ ਦੀ ਚਉਕੀ* ਆਦਿ ਵਿਸ਼ੇਸ਼ ਹਨ। ਇਸੇ ਤਰ੍ਹਾਂ ਰੁੱਤਾਂ ਨਾਲ ਸਬੰਧਤ ਦੋ ਅਹਿਮ ਕੀਰਤਨ ਚਉਕੀਆਂ ਸਾਵਣ ਰੁੱਤ ਵਿਚ *ਮਲ੍ਹਾਰ ਦੀ ਕੀਰਤਨ ਚਉਕੀ* ਅਤੇ ਬਸੰਤ ਰੁੱਤ ਵਿਚ *ਬਸੰਤ ਦੀ ਕੀਰਤਨ ਚਉਕੀਆਂ* ਹਨ। ਬਸੰਤ ਰਾਗ 'ਤੇ ਅਧਾਰਤ ਬਸੰਤ ਦੀ ਕੀਰਤਨ ਚਉਕੀ ਦਾ ਆਰੰਭ ਸ੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਵਾਲੀ ਰਾਤ ਅਤੇ ਬਾਕੀ ਗੁਰੂ ਸਥਾਨਾਂ ਤੇ ਮਾਘ ਦੀ ਸੰਗਰਾਂਦ ਵਾਲੇ ਦਿਨ ਤੋਂ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਹੈ। ਸ੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਦੀ ਰਾਤ ਨੂੰ ਬਸੰਤ ਰਾਗ ਆਰੰਭ ਕਰਨ ਭਾਵ *ਬਸੰਤ ਖੋਲ੍ਹਣ* ਦੀ ਵਿਸ਼ੇਸ਼ ਅਰਦਾਸ ਵੀ ਕੀਤੀ ਜਾਂਦੀ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਲੋਕ ਸੰਗੀਤਕ ਅੰਗ ਤੋਂ ਕੀਤੇ ਜਾਣ ਵਾਲੇ *ਵਾਰੀਆਂ ਦੇ ਕੀਰਤਨ* ਵਿਚ ਵੀ ਬਸੰਤ ਰੁੱਤ ਵਿਚ ਬਸੰਤ ਰਾਗ ਦੇ ਸ਼ਬਦਾਂ ਦਾ ਹੀ ਗਾਇਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਗੁਰਮਤਿ ਸੰਗੀਤ ਦੀ ਪਰੰਪਰਾ ਵਿਚ ਹੋਲੇ ਮਹੱਲੇ ਤੱਕ ਇਸ ਰਾਗ ਦਾ ਗਾਇਨ ਹਰ ਕੀਰਤਨ ਚਉਕੀ ਵਿਚ ਕਰਨ ਦੀ ਪ੍ਰਥਾ ਹੈ। ਹੋਲੇ ਮਹੱਲੇ ਤੋਂ ਪਹਿਲੀ ਰਾਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਬਸੰਤ ਰਾਗ ਅਤੇ ਹੋਲੀ ਨਾਲ ਸਬੰਧਤ ਸ਼ਬਦਾਂ ਦੇ ਗਾਇਨ 'ਤੇ ਅਧਾਰਿਤ ਵਿਸ਼ੇਸ਼ ਰਾਗ ਦਰਬਾਰ ਦੀ ਪ੍ਰਥਾ ਪ੍ਰਚਲਿਤ ਹੈ ਜਿਸ ਵਿਚ ਬੀਰ ਰਸੀ ਸ਼ਬਦਾਂ ਦਾ ਗਾਇਨ ਵੀ ਬਸੰਤ ਤੇ ਬਸੰਤ ਦੇ ਪ੍ਰਕਾਰਾਂ ਵਿਚ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਹੈ। ਇਥੇ ਇਹ ਸਪਸ਼ਟ ਕਰਨਾ ਉਚਿਤ ਹੋਵੇਗਾ ਕਿ ਰਾਗ ਬਸੰਤ (ਸ਼ੁੱਧ ਤੇ ਪੁਰਾਤਨ) ਆਪਣੇ ਨਿਰਧਾਰਤ ਸਮੇਂ ਅਨੁਸਾਰ ਦੁਪਹਿਰ ਵੇਲੇ ਅਤੇ ਬਸੰਤ (ਪੂਰਵੀ) ਮੱਧ ਰਾਤ ਨੂੰ ਗਾਇਆ ਜਾਂਦਾ ਹੈ ਪਰੰਤੂ ਬਸੰਤ ਰੁੱਤ ਸਮੇਂ ਇਸ ਰਾਗ ਨੂੰ ਹਰ ਸਮੇਂ ਗਾਉਣ ਦੀ

ਪ੍ਰਥਾ ਹੈ। ਗੁਰੂ ਘਰ ਵਿਚ ਪੁਰਾਤਨ ਬਸੰਤ ਸ਼ੁੱਧ ਸੁਰਾਂ ਵਾਲਾ ਬਿਲਾਵਲ ਥਾਟ ਵਾਲਾ ਬਸੰਤ ਪ੍ਰਚਲਿਤ ਹੈ। ਬਾਣੀ ਵਿਚ ਬਸੰਤ ਦਾ ਇਕ ਹੋਰ ਪ੍ਰਕਾਰ ਬਸੰਤ ਹਿੰਡੋਲ ਵੀ ਪ੍ਰਯੋਗ ਕੀਤਾ ਗਿਆ ਹੈ। ਬਸੰਤ ਰਾਗ ਦੀ ਕੀਰਤਨ ਚਉਕੀ ਵਿਚ ਸ਼ਬਦ ਤੇ *ਬਸੰਤ ਕੀ ਵਾਰ ਮਹਲਾ ੫* ਦੀਆਂ ਸੰਪੂਰਨ ਤਿੰਨੇ ਪਉੜੀਆਂ ਦਾ ਗਾਇਨ ਵਿਸ਼ੇਸ਼ ਮਰਿਆਦਾ ਵਜੋਂ ਕੀਤਾ ਜਾਂਦਾ ਹੈ।

ਗੁਰਮਤਿ ਸੰਗੀਤ ਵਿਚ ਰਾਗਾਤਮਕ ਕੀਰਤਨ ਅਤੇ ਰਾਗਾਤਮਕ ਸ਼ਬਦ ਚਉਕੀਆਂ ਦਾ ਵਿਸ਼ੇਸ਼ ਮਨੋਰਥ ਹੈ। ਗੁਰੂ ਘਰ ਵਿਚ ਸਦੀਆਂ ਤੋਂ ਗਾਇਨ ਕੀਤੇ ਜਾਂਦੇ ਇਹ ਰਾਗ ਅੱਜ ਜਿਥੇ ਸਾਡੇ ਮਨਾਂ ਵਿਚ ਸ਼ਬਦ ਦਾ ਪ੍ਰਕਾਸ਼ ਕਰ ਰਹੇ ਹਨ ਉਥੇ ਸੰਗੀਤ ਦੀ ਰਾਗਾਤਮਕ ਵਿਰਾਸਤ ਨੂੰ ਵੀ ਗੁਰੂ ਘਰ ਨੇ ਗੁਰਮਤਿ ਸੰਗੀਤ ਦੇ ਰੂਪ ਵਿਚ ਸੁਰੱਖਿਅਤ ਕੀਤਾ ਤੇ ਪਰਚਾਰਿਆ। ਇਸੇ ਭਾਵਨਾ ਨੂੰ ਸਮਰਪਿਤ ਹੁੰਦਿਆਂ ਬਸੰਤ ਰਾਗ ਦੇ ਵੱਖ-ਵੱਖ ਪ੍ਰਕਾਰਾਂ ਵਿਚ ਗੁਰਮਤਿ ਸੰਗੀਤ ਦੀ ਨਿਰਧਾਰਤ ਪਰੰਪਰਾ ਅਨੁਸਾਰ ਸ਼ਬਦ ਕੀਰਤਨ ਪ੍ਰਸਤੁਤ ਕਰਨ ਦਾ ਇਹ ਨਿਮਾਣਾ ਯਤਨ ਆਪ ਸਭ ਦੀ ਸੇਵਾ ਵਿਚ ਪੇਸ਼ ਹੈ।

ਗੁਰਮਤਿ ਸੰਗੀਤ ਵਿਚ ਰਾਗ ਬਸੰਤ ਅਤੇ ਬਸੰਤ ਹਿੰਡੋਲ ਦੇ ਵੱਖ-ਵੱਖ ਸਰੂਪਾਂ ਦਾ ਪ੍ਰਚਲਨ ਹੈ। ਸਾਡਾ ਵੀ ਇਹੋ ਯਤਨ ਰਿਹਾ ਹੈ ਕਿ ਇਨ੍ਹਾਂ ਪ੍ਰਚਲਿਤ ਸਰੂਪਾਂ ਵਿਚੋਂ ਕੁਝ ਪ੍ਰਮੁੱਖ ਸਰੂਪਾਂ ਦਾ ਗਾਇਨ ਕੀਤਾ ਜਾਵੇ ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਇਸ ਸੰਗੀਤਕ ਵਿਰਾਸਤ ਤੋਂ ਜਾਣੂੰ ਹੋ ਸਕਣ।

**ਬਸੰਤ ਸ਼ੁੱਧ (ਪੁਰਾਤਨ) :** ਵਰਤਮਾਨ ਸਮੇਂ ਭਾਰਤੀ ਸੰਗੀਤ ਵਿਚ ਬਸੰਤ ਰਾਗ ਨੂੰ ਪੂਰਵੀ ਥਾਟ ਦੇ ਅੰਤਰਗਤ ਹੀ ਗਾਇਆ ਜਾਂਦਾ ਹੈ ਪਰੰਤੂ ਪੁਰਾਤਨ ਬਸੰਤ ਕਰਕੇ ਜਾਣੇ ਜਾਂਦੇ ਬਿਲਾਵਲੁ ਥਾਟ ਦੇ ਇਸ ਬਸੰਤ ਦੇ ਸਾਰੇ ਸੁਰ ਸ਼ੁੱਧ ਹੋਣ ਕਾਰਨ ਪੁਰਾਤਨ ਗੁਣੀਜਨ ਇਸ ਨੂੰ ਬਸੰਤ ਸ਼ੁੱਧ ਵਜੋਂ ਮਾਨਤਾ ਦਿੰਦੇ ਹਨ, ਇਸ ਨੂੰ ਰਾਗ ਨਿਰਣਾਇਕ ਕਮੇਟੀ *(ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991)* ਨੇ ਵੀ ਸਵੀਕਾਰਿਆ ਹੈ ਜਿਸਦਾ ਥਾਟ ਬਿਲਾਵਲ, ਵਾਦੀ ਸ਼ੜਜ, ਸੰਵਾਦੀ ਮਧਿਅਮ, ਜਾਤੀ ਔੜਵ-ਸੰਪੂਰਣ ਅਤੇ ਸਮਾਂ ਦਿਨ ਦਾ ਦੂਜਾ ਪਹਿਰ ਹੈ।

ਆਰੋਹ : ਸ ਗ ਮ, ਧ ਨੀ ਸਂ।
ਅਵਰੋਹ : ਸਂ ਨੀ ਧ ਪ ਮ, ਗ ਰੇ ਸ।
ਮੁੱਖ ਅੰਗ : ਗ ਮ ਧ ਨੀ ਸਂ, ਸ ਨੀ ਧ ਪ ਮ, ਗ, ਰੇ ਸ।

**ਬਸੰਤ (ਪੂਰਵੀ) :** ਭਾਰਤੀ ਸੰਗੀਤ ਵਿਚ ਬਸੰਤ ਰਾਗ ਨੂੰ ਪੂਰਵੀ ਥਾਟ ਦੇ ਅੰਤਰਗਤ ਹੀ ਗਾਇਆ ਜਾਂਦਾ ਹੈ ਜਿਸਦਾ ਥਾਟ ਪੂਰਵੀ, ਵਾਦੀ ਤਾਰ ਸ਼ੜਜ, ਸੰਵਾਦੀ ਪੰਚਮ, ਵਰਜਿਤ ਸੁਰ ਆਰੋਹ ਵਿਚ ਰਿਸ਼ਭ ਅਤੇ ਪੰਚਮ, ਜਾਤੀ ਔੜਵ-ਸੰਪੂਰਨ ਅਤੇ ਸਮਾਂ ਅੱਧੀ ਰਾਤ ਤੋਂ ਬਾਅਦ ਹੈ।

ਆਰੋਹ : ਸ, ਗ ਮ' ਧੁ, ਰੇਂ ਸਂ।

ਅਵਰੋਹ : ਸ, ਰੇਂ ਨੀ ਧੁ, ਪ, ਮ'ਗ ਮ'ਗ, ਮ'ਗ, ਰੇ ਸਾ।
ਮੁੱਖ ਅੰਗ : ਮ' ਧੁ ਰੇਂ ਸ, ਰੇਂ ਨੀ ਧੁ ਪ, ਮ'ਗ ਮ'ਗ।

**ਬਸੰਤ ਹਿੰਡੋਲ :** ਰਾਗ ਬਸੰਤ ਹਿੰਡੋਲ, ਬਸੰਤ ਅਤੇ ਹਿੰਡੋਲ ਦਾ ਸੁਮੇਲ ਹੈ। ਇਸ ਰਾਗ ਦੇ ਹੇਠ ਲਿਖੇ ਦੋ ਸਰੂਪ ਰਿਸ਼ਭ ਸਹਿਤ ਅਤੇ ਰਿਸ਼ਭ ਸੁਰ ਰਹਿਤ ਪ੍ਰਚਾਰ ਵਿਚ ਹਨ।

*ਪਹਿਲਾ ਸਰੂਪ :* ਥਾਟ ਪੂਰਵੀ, ਵਾਦੀ ਸ਼ੜਜ, ਸੰਵਾਦੀ ਪੰਚਮ, ਜਾਤੀ ਸ਼ਾੜਵ-ਵਕਰ ਸੰਪੂਰਣ, ਸਮਾਂ ਰਾਤ ਦਾ ਤੀਜਾ ਪਹਿਰ।

ਆਰੋਹ : ਸ ਮ, ਮ ਗ, ਮ' ਧ ਨੀ ਧ ਸਂ।
ਅਵਰੋਹ : ਸਂ, ਰੇਂ ਨੀ ਧੁ, ਪ, ਮ'ਗ, ਮ'ਗ, ਮ'ਗ, ਰੇ ਸ।
ਮੁੱਖ ਅੰਗ : ਮ' ਧ ਨੀ ਧ ਸ, ਰੇਂ ਨੀ ਧੁ ਪ, ਮ' ਗ, ਮ' ਗ।

*ਦੂਜਾ ਸਰੂਪ :* ਬਸੰਤ ਹਿੰਡੋਲ ਦਾ ਦੂਜਾ ਸਰੂਪ ਰਿਸ਼ਭ ਸੁਰ ਰਹਿਤ ਹੈ ਜਿਸਦਾ ਥਾਟ ਕਲਿਆਣ, ਵਾਦੀ ਸ਼ੜਜ, ਸੰਵਾਦੀ ਗੰਧਾਰ, ਜਾਤੀ ਔੜਵ-ਔੜਵ ਅਤੇ ਸਮਾਂ ਸਵੇਰ ਹੈ।

ਆਰੋਹ : ਸ ਗ, ਮ' ਧ ਨੀ ਧ ਸਂ।
ਅਵਰੋਹ : ਸਂ, ਨੀ ਧ, ਮ' ਗ, ਸ।
ਮੁੱਖ ਅੰਗ : ਸ ਗ, ਮ' ਧ ਨੀ ਧ, ਮ' ਗ, ਸ।

**ਬਹਾਰ (ਬਸੰਤ) :** ਬਹਾਰ ਬਸੰਤ ਰੁੱਤ ਦਾ ਰਾਗ ਹੈ। ਇਸ ਕਰਕੇ ਇਸ ਨੂੰ ਬਹਾਰ (ਬਸੰਤ) ਵੀ ਆਖਿਆ ਜਾਂਦਾ ਹੈ। ਇਸ ਸਰੂਪ ਦਾ ਥਾਟ ਕਾਫੀ, ਵਾਦੀ ਸ਼ੜਜ, ਸੰਵਾਦੀ ਮਧਿਅਮ, ਜਾਤੀ ਵਕਰ ਸ਼ਾੜਵ-ਸੰਪੂਰਣ, ਸਮਾਂ ਰਾਤ ਅਤੇ ਬਸੰਤ ਰੁੱਤ ਹਰ ਸਮੇਂ ਹੈ।

ਆਰੋਹ : ਸ, ਮ, ਪ ਗੁ ਮ, ਨੁੀ ਧ ਨੀ ਸਂ।
ਅਵਰੋਹ : ਸਂ, ਨੁੀ ਪ ਮ ਪ, ਮਗੁ ਮ, ਰੇ ਸ।
ਮੁੱਖ ਅੰਗ : ਸ ਮ, ਪ ਗੁ ਮ, ਨੁੀ ਧ, ਨੀ ਸਂ।

ਇਸ ਪੁਸਤਕ ਪ੍ਰਕਾਸ਼ਨਾ ਹਿਤ ਅਸੀਂ ਆਪਣੇ ਸਮੂਹ ਸਹਿਯੋਗੀਆਂ ਦੇ ਰਿਣੀ ਹਾਂ। ਇਸ ਪ੍ਰੋਜੈਕਟ ਦੀ ਰਿਕਾਰਡਿੰਗ ਵਿਚ ਸਹਿਯੋਗੀ ਵਜੋਂ **ਡਾ. ਜੈਪਾਲ ਸਿੰਘ, ਸ੍ਰ. ਰਾਜਵਿੰਦਰ ਸਿੰਘ, ਸ੍ਰ. ਸੰਦੀਪ ਸਿੰਘ, ਸ੍ਰ. ਗਗਨਦੀਪ ਸਿੰਘ, ਸ੍ਰੀ ਅਲੀ ਅਕਬਰ** ਅਤੇ **ਸ੍ਰੀ ਓਮ ਪ੍ਰਕਾਸ਼ ਥਾਪਰ** ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ, ਆਪ ਸਭ ਦਾ ਬਹੁਤ-ਬਹੁਤ ਧੰਨਵਾਦ। ਅਸੀਂ ਆਪ ਦੀ ਅਸੀਸ, ਸ਼ੁਭ ਇਛਾਵਾਂ ਅਤੇ ਸੁਝਾਓ ਹਮੇਸ਼ਾ ਸਾਡਾ ਰਾਹ ਰੋਸ਼ਨ ਕਰਦੇ ਰਹਿਣਗੇ।

**ਡਾ. ਗੁਰਨਾਮ ਸਿੰਘ** ਪ੍ਰੋਫੈਸਰ ਅਤੇ ਮੁਖੀ
ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
Email : drgnam@yahoo.com
Websites : www.gurmatsangeetpup.com
www.gurmatsangeetlibrary.com
www.gurmatgyanonlinepup.com

1. ਬਸੰਤੁ ਬਾਣੀ ਭਗਤਾਂ ਕੀ॥ ਕਬੀਰ ਜੀ ਘਰੁ ੧ ੴ ਸਤਿਗੁਰ ਪ੍ਰਸਾਦਿ

ਮਉਲੀ ਧਰਤੀ ਮਉਲਿਆ ਅਕਾਸੁ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥੧॥

**ਰਾਜਾ ਰਾਮੁ ਮਉਲਿਆ ਅਨਤ ਭਾਇ॥ ਜਹ ਦੇਖਉ ਤਹ ਰਹਿਆ ਸਮਾਇ॥੧॥ ਰਹਾਉ॥**

ਦੁਤੀਆ ਮਉਲੇ ਚਾਰਿ ਬੇਦ॥ ਸਿੰਮ੍ਰਿਤਿ ਮਉਲੀ ਸਿਉ ਕਤੇਬ॥੨॥

ਸੰਕਰੁ ਮਉਲਿਓ ਜੋਗ ਧਿਆਨ॥ ਕਬੀਰ ਕੋ ਸੁਆਮੀ ਸਭ ਸਮਾਨ॥੩॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੯੩)

**ਬਸੰਤ ਸ਼ੁੱਧ (ਪੁਰਾਤਨ)** — **ਸੁਲਤਾਨ ਤਾਲ**

| | | | | | | | | | | | | |
|---|---|---|---|---|---|---|---|---|---|---|---|---|
| × | | 2 | | 0 | | 3 | | 0 | | 4 | | |
| 1 | 2 | 3 | 4 | 5 | 6 | 7 | 8 | 9 | 10 | 11 | 12 | 13 |
| ਧਿੰ | ਤਿਰਕਿਟ | ਧਿੰ | ਨਾ | ਡੂ | ਨਾ | ਕ | ਤਾ | ਤਿਰਕਿਟ | ਧਿੰ | ਧਿੰਧਿੰ | ਨਾਧਿੰ | ਧਿੰਨਾ |
| ਸਥਾਈ | | | | | | | | | | | | |
| ਸੰ | ਸੰ | ਸੰ | – | ਨੀਧ | ਨੀਨੀ | – | ਧਧ | ਪ | ਮ | ਧਧ | ਨੀਸੰ | ਸੰਸੰ |
| ਰਾ | ਜਾ | ਰਾ | ऽ | ਮऽ | ਮਉ | ऽ | ਲਿਆ | ऽ | ऽ | ਅਨ | ਤ ਭਾ | ऽਇ |
| ਮ | ਮ | ਮ | – | – | (ਮ) | ਗਗ | ਗ | ਗ | ਨੀਧ | ਧਪ | (ਮ) | ਗ |
| ਜ | ਹ | ਦੇ | ऽ | ऽ | ਖਉ | ऽऽ | ਤ | ਹ | ਰਹਿ | ਆ ਸ | ਮਾ | ਇ |

**ਅੰਤਰਾ** — **ਸੂਲਫ਼ਾਕ ਤਾਲ**

| | | | | | | | | | |
|---|---|---|---|---|---|---|---|---|---|
| ਧਿ | ਤਿਰਕਿਟ | ਧਿੰ | ਨਾ | ਡੂ | ਨਾ | ਧਾ | ਧਾ | ਤਿੰ | ਨਾ |
| × | | 0 | | 2 | | 3 | | 0 | |
| 1 | 2 | 3 | 4 | 5 | 6 | 7 | 8 | 9 | 10 |
| ਮ | ਮ | ਧ | ਨੀ | ਸੰ | ਸੰ | ਸੰ | – | – | – |
| ਮ | ਉ | ਲੀ | ऽ | ਧ | ਰ | ਤੀ | ऽ | ऽ | ऽ |
| ਸੰ | – | ਸੰਸੰ | ਸੰ | ਸੰ | – | ਸੰ^ਨੀ | ਸੰ | ਨੀ | ਧ |
| ਮ | ਉ | ਲਿਆ | ਆ | ਕਾ | ऽ | ऽ | ऽਸੁ | ऽ | ऽ |
| ਧ | ਧ | ਨੀ | ਸੰ | ਸੰ | ਮੰ | ਮੰ | ਗੰਗੰ | – | – |
| ਘ | ਟਿ | ਘ | ਟਿ | ਮ | ਉ | ऽ | ਲਿਆ | ऽ | ऽ |
| ਸੰ | ਸੰਸੰ | ^ਨੀਧ | ਨੀ | ਸੰ | – | – | ਸੰ | – | – |
| ਆ | ਤਮ | ਪ੍ਰ | ऽ | ਗਾ | ऽ | ऽ | ਸੁ | ऽ | ऽ |
| ਸੰ | ਸੰ | ਸੰ | ਸੰ | ਸੰ | ਸੰ | ਨੀ | ਰੇਂਗੰ | ਨੀ | ਧ |
| ਘ | ਟਿ | ਘ | ਟਿ | ਮ | ਉ | ऽ | ਲਿਆ | ऽ | ऽ |
| ਨੀ | ਧਧ | ਧ | ਪ | ਧ | ਪ | ਮ | ਸੰਸੰ | –ਨੀ | ਧ |
| ਆ | ਤਮ | ਪ੍ਰ | ऽ | ਗਾ | ऽ | ਸੁ | ਮਉ | ऽਲਿ | ਆ |
| ਨੀ | ਧਧ | ਧ | ਪ | ਧ | ਪ | ਮ | – | – | – |
| ਆ | ਤਮ | ਪ੍ਰ | ऽ | ਗਾ | ऽ | ਸੁ | ऽ | ऽ | ऽ |

## 2. ਬਸੰਤੁ ਮਹਲਾ ੧ ਹਿੰਡੋਲ

ਸਾਹੁਰੜੀ ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ ਵਖੇ॥
ਆਪਿ ਕੁਚਜੀ ਦੋਸੁ ਨ ਦੇਊ ਜਾਣਾ ਨਾਹੀ ਰਖੇ॥੧॥
**ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ॥**
**ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ॥੧॥ ਰਹਾਉ॥**
ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ ਜਾਣਹੁ ਨਾਰੀ॥
ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ॥੨॥
ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ ਨਾਵਾ॥
ਪ੍ਰਣਵਤਿ ਨਾਨਕੁ ਏਕੁ ਲੰਘਾਏ ਜੇ ਕਰਿ ਸਚਿ ਸਮਾਵਾਂ॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੭੧)

**ਬਸੰਤ ਹਿੰਡੋਲ (ਰਿਸ਼ਭ ਰਹਿਤ)** **ਇਕਤਾਲ**

| × | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 |
| ਧਿੰ | ਧਿੰ | ਧਾਗੇ | ਤਿਰਕਿਟ | ਤੂ | ਨਾ | ਕ | ਤਾ | ਧਾਗੇ | ਤਿਰਕਿਟ | ਧਿੰ | ਨਾ |
| **ਸਥਾਈ** | | | | | | | | | | | |
| ਸਂ | ਨੀ | ਨੀ | ਧ | ਧ | ਮਾ' | ਮਾ' | ਗ | ਗ | ਗ | – | – |
| ਮੇ | S | ਰੇ | S | S | S | ਸਾ | S | ਹਿ | ਬਾ | S | S |
| ਮ | ਮ | ਮ | – | ਮ | – | ਮ | ਧਪ | – | ਮ | ਗ | – |
| ਹ | ਉ | ਆ | S | ਪੇ | S | ਭ | ਰS | S | ਮਿ | S | S |
| – | ਗ | ਗ | ਮ | ਮ | ਧ | ਨੀ | ਸਂ | ਨੀ | ਧ | ਸਂ | – |
| S | ਭੁ | ਲਾ | S | S | S | S | S | S | S | ਣੀ | S |
| – | – | – | ਸਂ | ਨੀ | ਧ | ਮਾ' | ਮਾ' | – | ਧਮਾ' | ਗ | – |
| S | S | S | ਅ | ਖ | ਰ | ਲਿ | ਖੇ | S | SS | S | S |
| – | – | ਗ | ਮ | ਧਪ | ਮ | ਮ | – | ਮ | – | – | – |
| S | S | ਸੇ | S | ਈS | S | ਗਾ | S | ਵਾ | S | S | S |
| – | – | ਗ | ਗ | ਮ | ਧ | ਨੀਧ | – | – | ਨੀ | – | – |
| S | S | ਅ | ਵ | ਰ | ਨ | ਜਾ | S | S | ਣਾ | S | S |
| ਨੀ | – | ਸਂ | – | – | – | – | – | – | ਨੀ | ਧ | – |
| ਬਾ | S | ਣੀ | S | S | S | S | S | S | S | S | S |
| **ਅੰਤਰਾ** | | ਮ | – | ਮ | ਮ | ਧ | ਪ | ਮ | ਪ | ਮਗ | – |
| | | ਸਾ | S | ਹੁ | ਰ | ੜੀ | S | S | S | S | S |
| ਗ | ਮ | ਧ | ਧ | ਨੀ | ਨੀ | ਸਂ | – | ਸਂ | – | – | – |
| ਵ | ਥੁ | ਸ | ਭੁ | ਕਿ | ਛੁ | ਸਾ | S | ਝੀ | S | S | S |

| | | | | | | | | | | | |
|---|---|---|---|---|---|---|---|---|---|---|---|
| – | – | ਧ | – | ਨੀ | ਸਂ | ਗਂ | – | – | – | ਸਂ | – |
| ऽ | ऽ | ਪੇ | ऽ | ਵ | ਕ | ਝੈ | ऽ | ऽ | ऽ | ऽ | ऽ |
| – | – | ਨੀ | ਧ | ਨੀ | ਨੀ | ਸਂ | – | – | – | – | – |
| ऽ | ऽ | ਧ | ਨ | ऽ | ਵ | ਖੇ | ऽ | ऽ | ऽ | ऽ | ऽ |
| – | – | ਮ | – | ਮ | ਮ | ਧ | ਪ | ਮ | ਪ | 'ਗ | – |
| ऽ | ऽ | ਆ | ऽ | ਪਿ | ਕੁ | ਚ | ਜੀ | ऽ | ऽ | ऽ | ऽ |
| – | – | ਗ | ਮ | ਧ | ਨੀ | ਸਂ | – | ਸਂ | – | – | – |
| ऽ | ऽ | ਦੋ | ऽ | ਸੁ | ਨ | ਦੇ | ऽ | ਊ | ऽ | ऽ | ऽ |
| – | – | ਧ | – | ਨੀ | ਸਂ | ਸਂ | ਗਂ | – | ਗਂ | ਸਂ | ਨੀ |
| ऽ | ऽ | ਜਾ | ऽ | ਣਾ | ऽ | ਨਾ | ऽ | ऽ | ਹੀ | ऽ | ऽ |
| ਧ | – | ਧ | ਧ | ਨੀ | – | ਸਂ | – | – | – | – | – |
| ऽ | ऽ | ਰ | ਖੇ | ऽ | ऽ | ऽ | ऽ | ऽ | ऽ | ऽ | ऽ |
| – | – | ਸਂ | – | ਸਂ | – | ਨੀ | ਸਂ | – | ਨੀ | ਧ | ਮ' |
| ऽ | ऽ | ਜਾ | ऽ | ਣਾ | ऽ | ਨਾ | ऽ | ऽ | ਹੀ | ऽ | ऽ |
| ਮ' | ਗ | ਗ | ਮ | ਧ | ਪ | ਮ | – | – | – | – | – |
| ऽ | ऽ | ऽ | ਰ | ਖੇ | ऽ | ऽ | ऽ | ऽ | ऽ | ऽ | ऽ |

### 3. ਬਸੰਤੁ ਮਹਲਾ ੫

ਜਿਸੁ ਬੋਲਤ ਮੁਖੁ ਪਵਿਤੁ ਹੋਇ॥ ਜਿਸੁ ਸਿਮਰਤ ਨਿਰਮਲ ਹੈ ਸੋਇ॥
ਜਿਸੁ ਅਰਾਧੇ ਜਮੁ ਕਿਛੁ ਨ ਕਹੈ॥ ਜਿਸ ਕੀ ਸੇਵਾ ਸਭੁ ਕਿਛੁ ਲਹੈ॥੧॥
**ਰਾਮ ਰਾਮ ਬੋਲਿ ਰਾਮ ਰਾਮ॥ ਤਿਆਗਹੁ ਮਨ ਕੇ ਸਗਲ ਕਾਮ॥੧॥ ਰਹਾਉ॥**
ਜਿਸ ਕੇ ਧਾਰੇ ਧਰਣਿ ਅਕਾਸੁ॥ ਘਟਿ ਘਟਿ ਜਿਸ ਕਾ ਹੈ ਪ੍ਰਗਾਸੁ॥
ਜਿਸੁ ਸਿਮਰਤ ਪਤਿਤ ਪੁਨੀਤ ਹੋਇ॥ ਅੰਤ ਕਾਲਿ ਫਿਰਿ ਫਿਰਿ ਨ ਰੋਇ॥੨॥
ਸਗਲ ਧਰਮ ਮਹਿ ਊਤਮ ਧਰਮ॥ ਕਰਮ ਕਰਤੂਤਿ ਕੈ ਊਪਰਿ ਕਰਮ॥
ਜਿਸ ਕਉ ਚਾਹਹਿ ਸੁਰਿ ਨਰ ਦੇਵ॥ ਸੰਤ ਸਭਾ ਕੀ ਲਗਹੁ ਸੇਵ॥੩॥
ਆਦਿ ਪੁਰਖਿ ਜਿਸੁ ਕੀਆ ਦਾਨੁ॥ ਤਿਸ ਕਉ ਮਿਲਿਆ ਹਰਿ ਨਿਧਾਨੁ॥
ਤਿਸ ਕੀ ਗਤਿ ਮਿਤਿ ਕਹੀ ਨ ਜਾਇ॥ ਨਾਨਕ ਜਨ ਹਰਿ ਹਰਿ ਧਿਆਇ॥੪॥੯॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੧੯੨)

## ਬਸੰਤ ਹਿੰਡੋਲ (ਰਿਸ਼ਭ ਸਹਿਤ) — ਚਾਰਤਾਲ

| | | | | | | | | | | | |
|---|---|---|---|---|---|---|---|---|---|---|---|
| × | | 0 | | 2 | | 0 | | 3 | | 4 | |
| 1 | 2 | 3 | 4 | 5 | 6 | 7 | 8 | 9 | 10 | 11 | 12 |
| ਧਾ | ਧਾ | ਧਿੰ | ਤਾ | ਕਿਟ | ਧਾ | ਧਿੰ | ਤਾ | ਤਿਟ | ਕਤ | ਗਦੀ | ਗਨ |
| **ਸਥਾਈ** | | | | | | | | | | | |
| ਸਂ | – | ਸਂ | ਨੀ | – | ਧ | ਗਮ' | ਧਗ | ਮ'ਗ | ਮ'ਧ | ਧਨੀ | ਸਂਸਂ |
| ਰਾ | ऽ | ਮ | ਰਾ | ऽ | ਮ | ਬੋऽ | ऽऽ | ऽਲਿ | ਰਾऽ | ਮਰਾ | ऽਮ |
| ਮਮ | – | ਮਮ | ਮਮ' | ਮ | ਗ | ਨੀ | ਨੀਨੀ | ਨੀਧ | ਗਮ' | ਧਗ | ਮ'ਗ |
| ਤਿਆ | ऽ | ਗਹੁ | ਮਨ | ਕੇ | ऽ | ऽ | ऽਸ | ਗਲ | ਕਾऽ | ऽऽ | ऽਮ |

## ਅੰਤਰਾ — ਇਕਤਾਲ

| | | | | | | | | | | | |
|---|---|---|---|---|---|---|---|---|---|---|---|
| × | | 0 | | 2 | | 0 | | 3 | | 4 | |
| 1 | 2 | 3 | 4 | 5 | 6 | 7 | 8 | 9 | 10 | 11 | 12 |
| ਧਿੰ | ਧਿੰ | ਧਾਗੇ | ਤਿਰਕਿਟ | ਤੂ | ਨਾ | ਕ | ਤਾ | ਧਾਗੇ | ਤਿਰਕਿਟ | ਧਿੰ | ਨਾ |
| – | – | ਗ | ਗ | ਗ | – | ਮ' | ਮ' | – | ਧ | ਧ | – |
| ऽ | ऽ | ਜਿ | ਸ | ਬੋ | ऽ | ਲ | ਤ | ऽ | ਮੁ | ਖੁ | ऽ |
| – | – | – | ਸਂ | ਸਂ | ਸਂ | ਸਂ | – | – | ਸਂ | – | – |
| ऽ | ऽ | ऽ | ਪ | ਵਿ | ਤੁ | ਹੋ | ऽ | ऽ | ਇ | ऽ | ऽ |
| – | – | ਸਂਨੀ | ਧ | ਨੀ | ਸਂ | ਗਂ | ਗਂ | – | – | – | – |
| ऽ | ऽ | ਜਿ | ਸ | ਸਿ | ਮ | ਰ | ਤ | ऽ | ऽ | ऽ | ऽ |
| ਗਂ | ਗਂ | ਮਂ' | ਗਂ | ਰੇਂ | ਸਂ | ਨੀ | ਧ | ਨੀਸਂ | – | – | – |
| ਨਿ | ਰ | ਮ | ਲ | ਹੈ | ऽ | ਸੋ | ऽ | ਇ | ऽ | ऽ | ऽ |
| – | – | – | ਗ | ਗ | ਗ | ਪਮ' | ਮ' | – | ਧ | ਧ | – |
| ऽ | ऽ | ऽ | ਜਿ | ਸੁ | ਅ | ਰਾ | ਧੇ | ऽ | ਜ | ਮੁ | ऽ |
| – | – | – | ਸਂ | ਸਂ | ਸਂ | ਸਂ | – | – | – | – | – |
| ऽ | ऽ | ਕਿ | ਛੁ | ਨ | ਕ | ਹੈ | ऽ | ऽ | ऽ | ऽ | ऽ |
| – | – | ਸਂਨੀ | ਧ | ਨੀ | ਸਂ | ਗਂ | ਗਂ | ਗਂ | – | – | – |
| ऽ | ऽ | ਜਿ | ਸ | ਕੀ | ऽ | ਸੇ | ऽ | ਵਾ | ऽ | ऽ | ऽ |
| – | – | ਮਂ' | ਗਂ | ਰੇਂ | ਸਂ | ਧ | ਧ | ਨੀਸਂ | – | – | – |
| ऽ | ऽ | ਸ | ਭੁ | ਕਿ | ਛੁ | ਲ | ਹੈ | ऽ | ऽ | ऽ | ऽ |
| – | – | ਸਂ | ਸਂ | ਸਂ | – | ਸਂ | – | ਨੀ | (ਸਂ) | ਨੀ | – |
| ऽ | ऽ | ਜਿ | ਸ | ਕੀ | ऽ | ਸੇ | ऽ | ऽ | ਵਾ | ऽ | ऽ |
| – | – | ਨੀ | ਧ | ਧ | ਧ | ਗ | ਮ' | ਧ | ਗ | ਮ' | ਧ |
| ऽ | ऽ | ਸ | ਭੁ | ਕਿ | ਛੁ | ਲ | ਹੈ | ऽ | ऽ | ऽ | ऽ |
| ਮ | – | ਮ | ਮ | ਮ | – | ਮ | – | ਮਮ' | ਮਗ | – | – |
| ऽ | ऽ | ਜਿ | ਸ | ਕੀ | ऽ | ਸੇ | ऽ | ऽ | ਵਾ | ऽ | ऽ |
| ਨੀ | – | ਨੀ | ਧ | ਧ | ਪ | ਗ | ਮ' | ਧ | ਗ | ਮ' | ਗ |
| ऽ | ऽ | ਸ | ਭੁ | ਕਿ | ਛੁ | ਲ | ਹੈ | ऽ | ऽ | ऽ | ऽ |

4. ਬਸੰਤੁ ਮਹਲਾ ੫॥ ੧ੴ ਸਤਿਗੁਰ ਪ੍ਰਸਾਦਿ

**ਦੇਖੁ ਫੂਲ ਫੂਲ ਫੂਲੇ॥ ਅਹੰ ਤਿਆਗਿ ਤਿਆਗੇ॥ ਚਰਨ ਕਮਲ ਪਾਗੇ॥**
**ਤੁਮ ਮਿਲਹੁ ਪ੍ਰਭ ਸਭਾਗੇ॥ ਹਰਿ ਚੇਤਿ ਮਨ ਮੇਰੇ॥ ਰਹਾਉ॥**
ਸਘਨ ਬਾਸੁ ਕੂਲੇ॥ ਇਕਿ ਰਹੇ ਸੂਕਿ ਕਠੂਲੇ॥
ਬਸੰਤ ਰੁਤਿ ਆਈ॥ ਪਰਫੂਲਤਾ ਰਹੇ॥੧॥
ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥
ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥
ਗੁਰ ਮਿਲੇ ਹਰਿ ਪਾਏ॥ ਜਿਸੁ ਮਸਤਕਿ ਹੈ ਲੇਖਾ॥
ਮਨ ਰੁਤਿ ਨਾਮ ਰੇ॥ ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ॥੨॥੧੮॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੮੫)

**ਬਸੰਤ (ਪੂਰਵੀ)** — **ਚਾਰਤਾਲ**

| | | | | | | | | | | | |
|---|---|---|---|---|---|---|---|---|---|---|---|
| × | | 0 | | 2 | | 0 | | 3 | | 4 | |
| 1 | 2 | 3 | 4 | 5 | 6 | 7 | 8 | 9 | 10 | 11 | 12 |
| ਧਾ | ਧਾ | ਧਿੰ | ਤਾ | ਕਿਟ | ਧਾ | ਧਿੰ | ਤਾ | ਤਿਟ | ਕਤ | ਗਦੀ | ਗਨ |
| **ਸਥਾਈ** | | | | | | | | | | ਮਾ' | ਧੁ |
| | | | | | | | | | | ਦੇ | ਖ |
| ਸਂ | ਨੀ | ਧੁ | ਪ | – | ਪ | ਮਾ' | ਗ | ਮਾ'ਧ | ਮ | – | – |
| ਫੂ | ऽ | ਲ | ਫੂ | ऽ | ਲ | ਫੂ | ऽ | ऽ | ਲੇ | ऽ | ऽ |
| ਸ | ਮ | – | ਮਮ | – | ਮ | ਮਮ | – | ਮਮਾ' | ਮਗ | – | – |
| ਅ | ਹੰ | ऽ | ਤਿਆ | ऽ | ਗ | ਤਿਆ | ऽ | ऽ | ਗੇ | ऽ | ऽ |
| ਗ | ਧਮਾ' | ਧੁ | ਮਾ' | ਧੁ | ਧੁ | ਸਂ | ਨੀ | ਰੇਂਸਂ | ਸਂ | – | – |
| ਚ | ਰ | ਨ | ਕ | ਮ | ਲ | ਪਾ | ऽ | ऽऽ | ਗੇ | ऽ | ऽ |
| ਸਂਸਂ | ਸਂਸਂ | –ਸਂ | ਸਂ | ਸਂ | ਸਂ | ਨੀ | ਧੁ | ਰੇਂਨੀ | ਧੁਪ | – | – |
| ਤੁਮ | ਮਿਲ | ऽਹੁ | ਪ੍ਰ | ਭ | ਸ | ਭਾ | ऽ | ऽऽ | ਗੇऽ | ऽ | ऽ |
| (ਸਂ) | ਨੀ | ਨੀਧੁ | ਪ | ਪ | ਪ | ਮਾ' | ਗੁ | ਮਾ'ਧ | ਗਮ | ਗ | – |
| ਹਰਿ | ਚੇ | ऽਤਿ | ਮ | ਨ | ਮੇ | ਰੇ | ऽ | ऽऽ | ऽऽ | ऽ | ऽ |

**ਅੰਤਰਾ** — **ਇਕਤਾਲ**

| | | | | | | | | | | | |
|---|---|---|---|---|---|---|---|---|---|---|---|
| × | | 0 | | 2 | | 0 | | 3 | | 4 | |
| 1 | 2 | 3 | 4 | 5 | 6 | 7 | 8 | 9 | 10 | 11 | 12 |
| ਧਿੰ | ਧਿੰ | ਧਾਗੇ | ਤਿਰਕਿਟ | ਤੂ | ਨਾ | ਕ | ਤਾ | ਧਾਗੇ | ਤਿਰਕਿਟ | ਧਿੰ | ਨਾ |
| ਗ | ਗ | ਗ | ਮਾ'ਧੁ | ਮਾ' | ਧੁ | ਸਂ | – | ਨੀ | ਰੇਂ | ਸਂ | ਸਂਸਂ |
| ਸ | ਘ | ਨ | ਬਾऽ | ऽ | ਸੁ | ਕੂ | ऽ | ऽ | ऽ | ਲੇ | ਇਕਿ |

| | | | | | | | | | | | |
|---|---|---|---|---|---|---|---|---|---|---|---|
| ਗਂ | ਗਂ | – | ਸਂ | ਸਂ | ਸਂ | ਨੀ | ਧੁ | ਰੇਂ | ਨੀ | ਧੁ | ਪ |
| ਰ | ਹੇ | ऽ | ਸੂ | ਕਿ | ਕ | ਠੂ | ऽ | ऽ | ऽ | ਲੇ | ਬ |
| ਸਂ | – | ਨੀ | ਧੁ | ਪ | ਪਮ' | ਗ | ਮ' | ਮ' | ਗ | ਸ | ਸ |
| ਸੰ | ऽ | ਤ | ਰੁ | ऽ | ਤਿऽ | ਆ | ऽ | ਈ | ऽ | ਪ | ਰ |
| ਮ | – | ਮ | ᴹਮ' | ᴹਗ | ਗ | ਗਮ' ਧੁਧੁ | | ਮ'ਧੁ ਨੀਸਂ | | ਸਂ | ਸਂ |
| ਫੂ | ऽ | ਲ | ਤਾ | ऽ | ਰ | ਹੇऽ | ऽऽ | ऽऽ | ऽऽ | ਹ | ਰਿ |
| ਗਂ | – | ਮ'ਗਂ | ਰੇਂ | ਸਂ | ਸਂ | ਸਂਰੇਂ | ਸਂਨੀ | ਧੁਨੀ | ਧੁਪ* | | |
| ਚੇ | ऽ | ਤऽ | ਮ | ਨ | ਮੇ | ਰੇऽ | ऽऽ | ऽऽ | ऽऽ | | |

* ਇਹ ਸ਼ਬਦ ਕੀਰਤਨ ਰਚਨਾ ਮੂਲ ਰੂਪ ਵਿਚ ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਜੀ ਦੀ ਰਚਨਾ 'ਤੇ ਅਧਾਰਿਤ ਹੈ।

### 5. ਬਸੰਤੁ ਮਹਲਾ ੫

ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ॥ ਤਿਸੁ ਬਸੰਤੁ ਜਿਸੁ ਗੁਰੁ ਦਇਆਲੁ॥
ਮੰਗਲੁ ਤਿਸ ਕੈ ਜਿਸੁ ਏਕੁ ਕਾਮੁ॥ ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ॥੧॥
**ਗ੍ਰਿਹਿ ਤਾ ਕੇ ਬਸੰਤੁ ਗਨੀ॥ ਜਾ ਕੈ ਕੀਰਤਨੁ ਹਰਿ ਧੁਨੀ॥੧॥ ਰਹਾਉ॥**
ਪ੍ਰੀਤਿ ਪਾਰਬ੍ਰਹਮ ਮਉਲਿ ਮਨਾ॥ ਗਿਆਨੁ ਕਮਾਈਐ ਪੂਛਿ ਜਨਾਂ॥
ਸੋ ਤਪਸੀ ਜਿਸੁ ਸਾਧਸੰਗੁ॥ ਸਦ ਧਿਆਨੀ ਜਿਸੁ ਗੁਰਹਿ ਰੰਗੁ॥੨॥
ਸੇ ਨਿਰਭਉ ਜਿਨ੍ ਭਉ ਪਇਆ॥ ਸੋ ਸੁਖੀਆ ਜਿਸੁ ਭ੍ਰਮੁ ਗਇਆ॥
ਸੋ ਇਕਾਂਤੀ ਜਿਸੁ ਰਿਦਾ ਥਾਇ॥ ਸੋਈ ਨਿਹਚਲੁ ਸਾਚ ਠਾਇ॥੩॥
ਏਕਾ ਖੋਜੈ ਏਕ ਪ੍ਰੀਤਿ॥ ਦਰਸਨ ਪਰਸਨ ਹੀਤ ਚੀਤਿ॥
ਹਰਿ ਰੰਗ ਰੰਗਾ ਸਹਜਿ ਮਾਣੁ॥ ਨਾਨਕ ਦਾਸ ਤਿਸੁ ਜਨ ਕੁਰਬਾਣੁ॥੪॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੮੦)

**ਬਸੰਤ ਸ਼ੁੱਧ (ਪੁਰਾਤਨ)** **ਦੀਪਚੰਦੀ ਤਾਲ**

| × | | | 2 | | | | 0 | | | 3 | | | |
|---|---|---|---|---|---|---|---|---|---|---|---|---|---|
| **1** | **2** | **3** | **4** | **5** | **6** | **7** | **8** | **9** | **10** | **11** | **12** | **13** | **14** |
| **ਧਾ** | **ਧਿੰ** | ऽ | **ਧਾ** | **ਧਾ** | **ਤਿੰ** | ऽ | **ਤਾ** | **ਤਿ** | ऽ | **ਧਾ** | **ਧਾ** | **ਧਿੰ** | ऽ |
| **ਸਥਾਈ** | | | | | | | | | | | ਧ਼- | ਧ਼ਨੀ | ਸਮ |
| | | | | | | | | | | | ਗ੍ਰਿऽ | ਹਿऽ | ਤਾऽ |
| ਗ | - | -ਗ | ਨੀ | - | ਧ | ਧਪ | ਮਪ | ਗਮ | ਗ- | ᴳਸ | - | ਮ | ਮ |
| ਕੇ | ऽ | ऽਬ | ਸੰ | ऽ | ਤੁ | ऽऽ | ऽਗ | ਨੀऽ | ऽऽ | ऽ | ऽ | ਜਾ | ਕੈ |
| ਸਂ | - | ਨੀਸਂ | ਨੀਨੀ | - | -ਨੀ | ਨੀਸਂ | ᴺᴵਧ | ਪ | ਮ | ਗ | | | |
| ऽ | ऽ | ਕੀਰ | ਤਨੁ | ऽ | ऽਹ | ਰਿ ਧੁ | ਨੀ | ऽ | ऽ | ऽ | | | |

| | | | | | | | | | | | | | |
|---|---|---|---|---|---|---|---|---|---|---|---|---|---|
| ਅੰਤਰਾ | | | | | | | | | | | | ਗਮ | ਧਨੀ |
| | | | | | | | | | | | | ਤਿਸੁ | Sਬ |
| ਸਂ | - | ਸਂ | ਸਂਸਂ | ਸਂਸਂ | ਸਂਸਂ | ਸਂ | ਸਂਨੀ | ਸਂਨੀ | ਧ | - | -ਧ | ਨੀਨੀ | ਸਂਮਂ |
| ਸੰ | S | ਤੁ | ਜਿਸੁ | ਪ੍ਰਭੁ | ਕਿਰ | ਪਾ | S | ਲੁS | S | S | Sਤਿ | ਸੁS | Sਬ |
| ਗਂ | - | - | ਸਂ | ਸਂਸਂ | ਨੀਧਧ | ਨੀਨੀ | ਸਂ | - | ਸਂਨੀ | ਸਂ | - | ਗਮ | ਧਨੀ |
| ਸੰ | S | S | ਤੁ | ਜਿਸੁ | ਗੁਰੁ | S,ਦਇ | ਆ | S | S | ਲੁ | S | ਮੰS | ਗਲੁ |
| ਸਂਸਂ | ਸਂ | - | - | ਸਂਸਂ | ਸਂ | -ਸਂ | ਸਂ | ਸਂਨੀ | ਸਂਨੀ,ਧ | ਧ | -ਧ | ਧਨੀ | ਸਂਮਂ |
| ਤਿਸ | ਕੈ | S | S | ਜਿਸੁ | ਏ | Sਕੁ | ਕਾ | S | ਮੁS,S | S | Sਤਿ | ਸੁS | Sਬ |
| ਗਂ | - | - | ਸਂ | ਸਂਸਂ | ਨੀਧਧ | ਨੀਨੀ | ਸਂ | - | ਸਂਨੀ | ਸਂ | -ਸਂ | ਸਂਸਂ | ਸਂਸਂ |
| ਸੰ | S | S | ਤੁ | ਜਿਸੁ | ਰਿਦੈ | SS | ਨਾ | S | S | ਮੁ | Sਤਿ | ਸੁਸ | ਦਬ |

## 6. ਬਸੰਤੁ ਮਹਲਾ ੯

**ਮਨ ਕਹਾ ਬਿਸਾਰਿਓ ਰਾਮ ਨਾਮੁ॥**
**ਤਨੁ ਬਿਨਸੈ ਜਮ ਸਿਉ ਪਰੈ ਕਾਮੁ॥੧॥ ਰਹਾਉ॥**
ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥੧॥
ਧਨੁ ਦਾਰਾ ਸੰਪਤਿ ਗ੍ਰੇਹ॥ ਕਛੁ ਸੰਗਿ ਨ ਚਾਲੈ ਸਮਝ ਲੇਹ॥੨॥
ਇਕ ਭਗਤਿ ਨਾਰਾਇਨ ਹੋਇ ਸੰਗਿ॥ ਕਹੁ ਨਾਨਕ ਭਜੁ ਤਿਹ ਏਕ ਰੰਗਿ॥੩॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੮੬)

**ਬਸੰਤ ਸ਼ੁੱਧ (ਪੁਰਾਤਨ)** — **ਰੂਪਕ ਤਾਲ**

| × | | | 2 | | 3 | | × | | | 2 | | 3 | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਤਿੰ | ਤਿੰ | ਨਾ | ਧਿੰ | ਨਾ | ਧਿੰ | ਨਾ | ਤਿੰ | ਤਿੰ | ਨਾ | ਧਿੰ | ਨਾ | ਧਿੰ | ਨਾ |
| **ਸਥਾਈ** | | | | | | | | | | | | | |
| ਮਮ | ਮਮ | -ਮ | ਧਧ | ਧਮ | ਮਮਧ | ਨੀਸਂ,ਨੀ | ਸਂ | - | ਸਂਨੀ | ਸਂ | - | - | - |
| ਮਨ | ਕਹਾ | Sਬਿ | ਸਾS | ਰਿਓ | SਰਾS | Sਮ | ਨਾ | SSS | ਮੁ | SS | SS | S | |
| ਸਂਸਂ | ਸਂਸਂ | ਸਂ | ਸਂ | - | ਨੀਸਂ | ਨੀਨੀ | - | -ਨੀ | ਨੀਸਂ | ਨੀਧ | - | ਪ | ਮ |
| ਤਨੁ | ਬਿਨ | ਸੈ | S | S | ਜਮ | ਸਿਉ | S | Sਪ | ਰੈS | ਕਾ | S | ਮੁ | S |
| **ਅੰਤਰਾ** | | | | | | | | | | | | | |
| - | ਮਮ | ਮਮ | ਮ | ਧ | ਨੀ | - | ਸਂ | - | -ਨੀ | ਸਂ | - | - | ਸ |
| S | ਇਹੁ | ਜਗੁ | ਧੂ | S | ਏ | S | ਕਾ | S | Sਪ | ਹਾ | S | S | ਰ |
| ਧ | ਧ | ਨੀਸਂ | ਗਂ | ਗਂ | ਰੇਂਸਂ | ਗਂਰੇਂ | ਸਂਨੀ | -ਧ | ਨੀਨੀ | ਸਂ | - | - | - |
| ਤੈ | S | ਸਾਚਾ | ਮਾ | ਨਿ | ਆ | S | S | Sਕਿ | ਹ ਬਿ | ਚਾ | S | S | ਰ |
| ਸਂ | ਸਂ | ਸਂ | ਨੀ | ਨੀ | ਸਂ | ਨੀ | - | -ਨੀ | ਨੀਸਂ | ਨੀਧ | - | ਪ | ਮ |
| ਤੈ | ਸਾ | ਚਾ | S | ਮਾ | ਨਿ | ਆ | S | Sਕਿ | ਹ ਬਿ | ਚਾ | S | ਰ | S |
| ਮ | ਮ | ਮ | ਗ | - | ਗਮ | ਗ | ਨੀ | -ਨੀ | ਨੀਸਂ | ਨੀਧ | - | ਪ | ਮ |
| ਤੈ | ਸਾ | ਚਾ | S | S | ਮਾਨਿ | ਆ | S | Sਕਿ | ਹ ਬਿ | ਚਾ | S | ਰ | S |

## 7. ਬਸੰਤੁ ਮਹਲਾ ੯

**ਮਾਈ ਮੈ ਧਨੁ ਪਾਇਓ ਹਰਿ ਨਾਮੁ॥**
**ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥੧॥ ਰਹਾਉ॥**
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ॥
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ॥੧॥
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ॥੨॥
ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ॥
ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ॥੩॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੮੬)

**ਬਸੰਤ ਹਿੰਡੋਲ (ਰਿਸ਼ਭ ਰਹਿਤ)** — **ਤਿੰਨਤਾਲ**

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਧਾ | ਧਾ | ਤਿੰ | ਤਿੰ | ਤਾ | ਤਾ | ਧਿੰ | ਧਿੰ | ਧਾ |
| **ਸਥਾਈ** | | | | | ਧ | ਮ' | ਗ | ਗ | ਮ | ਮਮ | ਨੀਧ | - | ਧਨੀ | ਸਂ | ਨੀ |
| | | | | | ਮਾ | ਈ | ਮੈ | ਧ | ਨੁ | ਪਾਇ | ਓ | S | ਹS | S | ਰਿ |
| ਸਂ | - | - | ਨੀ | ਸਂ | - | - | - | - | ਮ | ਮ | ਮ | ਮ | ਗ | ਗ | - |
| ਨਾ | S | S | S | ਮੁ | S | S | S | S | ਮ | ਨੁ | ਮੇ | ਰੋ | S | ਧਾ | S |
| ਨੀ | - | ਨੀ | ਧ | ਧ | - | ਗਮ' | ਧ,ਗਮ' | ਗ | ਧਧ | ਧਨੀ | ਸਂਸਂ | ਮਂ | ਗਂ | - | - |
| ਵਨ | S | ਤੇ | S | ਛੂ | S | ਟਿਓ,S | S,SS | S | ਕਰ | ਬੈS | SS | ਠੋ | S | S | |
| ਨੀ | ਨੀ | ਨੀ | ਧ | ਧ | | | | | | | | | | | |
| ਬਿ | ਸ | ਰਾ | S | ਮੁ | | | | | | | | | | | |
| **ਅੰਤਰਾ** | | | | | | | | | ਮ | - | ਮਮ | (ਮ) | ਮ | ਗ | - |
| | | | | | | | | | ਮਾ | S | ਇਆ | ਮ | ਮ | ਤਾ | S |
| ਨੀ | ਨੀ | ਨੀ | ਧ | ਧ | - | ਧ | - | ਨੀ | ਧ | ਨੀ | ਸਂ | ਸਂ | ਗਂ | ਰੇਂ | ਸਂ |
| ਤ | ਨ | ਤੇ | S | ਭਾ | S | ਗੀ | S | ਉ | ਪ | ਜਿ | ਓ | ਨਿ | ਰ | ਮ | ਲ |
| ਧਧ | - | ਨੀ | - | ਸਂ | - | - | - | - | ਮ | - | ਮ | ਮ | ਮ | ਗ | ਗ |
| ਗਿਆS | | S | S | ਨੁ | S | S | S | S | ਲੋ | S | ਭ | ਮੋ | ਹ | ਏ | ਹ |
| ਨੀ | ਨੀ | ਨੀ | ਧ | ਧ | - | ਧ | ਧ | - | ਨੀ | ਧ | ਨੀ | ਸਂ | ਗਂ | ਰੇਂ | ਸਂ |
| ਪ | ਰ | ਸਿ | ਨਾ | ਸਾ | S | ਕੈ | S | S | ਗ | ਹੀ | S | ਭ | ਗ | ਤਿ | S |
| ਨੀ | ਧ | ਨੀ | - | ਸਂ | - | - | - | - | ਸਂ | ਸਂ | ਸਂ | ਨੀ | ਧ | - | - |
| ਭ | ਗ | ਵਾ | S | ਨ | S | S | S | S | ਗ | ਹੀ | ਭ | ਗ | ਤਿ | S | S |
| ਨੀ | ਧ | ਧ | ਮ | - | ਗ | ਗ | ਗ | | | | | | | | |
| ਭ | ਗ | ਵਾ | S | S | ਨ | S | S | | | | | | | | |

### ੪. ਰਾਮਾਨੰਦ ਜੀ ਘਰੁ ੧ ੴ ਸਤਿਗੁਰ ਪ੍ਰਸਾਦਿ

**ਕਤ ਜਾਈਐ ਰੇ ਘਰ ਲਾਗੋ ਰੰਗੁ॥**
**ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥੧॥ ਰਹਾਉ॥**
ਏਕ ਦਿਵਸ ਮਨ ਭਈ ਉਮੰਗ॥ ਘਸਿ ਚੰਦਨ ਚੋਆ ਬਹੁ ਸੁਗੰਧ॥
ਪੂਜਨ ਚਾਲੀ ਬ੍ਰਹਮ ਠਾਇ॥ ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥੧॥
ਜਹਾ ਜਾਈਐ ਤਹ ਜਲ ਪਖਾਨ॥ ਤੂ ਪੂਰਿ ਰਹਿਓ ਹੈ ਸਭ ਸਮਾਨ॥
ਬੇਦ ਪੁਰਾਨ ਸਭ ਦੇਖੇ ਜੋਇ॥ ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥੨॥
ਸਤਿਗੁਰ ਮੈ ਬਲਿਹਾਰੀ ਤੋਰ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥
ਰਾਮਾਨੰਦ ਸੁਆਮੀ ਰਮਤ ਬ੍ਰਹਮ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ॥੩॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੯੫)

**ਬਹਾਰ (ਬਸੰਤ)** — **ਤਿੰਨਤਾਲ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਧਾ | ਧਾ | ਤਿੰ | ਤਿੰ | ਤਾ | ਤਾ | ਧਿੰ | ਧਿ | ਧਾ |
| **ਸਥਾਈ** | | | | | | ਸਂ | ਸਂ | ਨ਼ੀਨ਼ੀ | ਪ | ਪ | (ਪ) | ਪ | ਗੁ | – | ਮ |
| | | | | | | ਕ | ਤ | ਜਾਈ | ਐ | ਰੇ | ਘ | ਰ | ਲਾ | ऽ | ਗੋ |
| ਨ਼ੀ | – | ਧ | ਨੀ | ਸਂ | – | ਸਂ | ਸਂ | ਨ਼ੀ | ਪ | ਪ | ਪ | ਪ | – | (ਪ) | ਮ |
| ਰੰ | ऽ | ऽ | ऽ | ਗੁ | ऽ | ਮੇ | ਰਾ | ਚਿ | ਤ | ਨ | ਚ | ਲੈ | ऽ | ਮ | ਨੁ |
| ਗੁ | ਗੁ | – | ਮ | ਰੇ | ਮ | ਸ | ਸ | ਸ | ਮ | ਮ | ਮ | ਮ | ਪ | ਗੁ | ਮ |
| ਭਇ | ਓ | ऽ | ਪੰ | ऽ | ਗੁ | ਮੇ | ਰਾ | ਚਿ | ਤ | ਨ | ਚ | ਲੈ | ऽ | ਮ | ਨੁ |
| ਨ਼ੀ | ਧ | ਨੀ | ਨੀ | ਸਂ | ਸਂ | | | | | | | | | | |
| ਭਇ | ਓ | ऽ | ਪੰ | ऽ | ਗੁ | | | | | | | | | | |
| **ਅੰਤਰਾ** | | | | | | | | ਮ | – | ਪ | ਪ | ਨ਼ੀ | ਪ | ਨੀ | ਨੀ |
| | | | | | | | | ਏ | ऽ | ਕ | ਦਿ | ਵ | ਸ | ਮ | ਨ |
| ਸਂ | ਸਂ | – | ਸਂ | ਰੇਂ | ਨੀ | ਸਂ | ਸਂਸਂ | ਗੁਂ | – | – | ਮਂ | ਰੇਂ | – | ਸਂ | – |
| ਭ | ਈ | ऽ | ਉ | ਮੰ | ऽ | ਗ | ਘਸਿ | ਚੰ | ऽ | ਦ | ਨ | ਚੋ | ऽ | ਆ | ऽ |
| ਨ਼ੀ | ਧ | ਨੀ | ਨੀ | ਸਂ | – | ਸਂ | – | ਸਂ | – | ਸਂ | ਸਂ | ਨ਼ੀ | ਪ | ਪ | – |
| ਬ | ਹੁ | ऽ | ਸੁ | ਗੰ | ऽ | ਧ | ऽ | ਪੂ | ऽ | ਜ | ਨ | ਚਾ | ऽ | ਲੀ | ऽ |
| ਗੁ | – | ਗੁ | ਮ | ਰੇ | – | ਸ | – | ਮ | ਮਮ | ਮ | ਮ | ਮ | ਪ | ਗੁ | ਮ |
| ਬ੍ਰ | ऽ | ਹ | ਮ | ਠਾ | ऽ | ਇ | ऽ | ਸੋ | ਬ੍ਰਹ | ਮੁ | ਬ | ਤਾ | ਇਓ | ਗੁ | ਰ |
| ਨ਼ੀ | ਧ | ਨੀ | ਨੀ | ਸਂ | – | | | | | | | | | | |
| ਮ | ਨ | ਹੀ | ਮਾ | ਹਿ | ऽ* | | | | | | | | | | |

* ਪੁਰਾਤਨ ਕੀਰਤਨੀਆਂ ਵਿਚ ਪ੍ਰਚਲਿਤ ਸ਼ਬਦ ਰਚਨਾ।

9. ਬਸੰਤੁ ਮਹਲਾ ੫ ਘਰੁ ੧ ਦੁਤੁਕੇ ੴ ਸਤਿਗੁਰ ਪ੍ਰਸਾਦਿ॥

ਗੁਰੁ ਸੇਵਉ ਕਰਿ ਨਮਸਕਾਰ॥ ਆਜੁ ਹਮਾਰੈ ਮੰਗਲਚਾਰ॥
ਆਜੁ ਹਮਾਰੈ ਮਹਾ ਅਨੰਦ॥ ਚਿੰਤ ਲਥੀ ਭੇਟੇ ਗੋਬਿੰਦ॥੧॥
ਆਜੁ ਹਮਾਰੈ ਗ੍ਰਿਹਿ ਬਸੰਤ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ॥੧॥ ਰਹਾਉ॥
ਆਜੁ ਹਮਾਰੈ ਬਨੇ ਫਾਗ॥ ਪ੍ਰਭ ਸੰਗੀ ਮਿਲਿ ਖੇਲਨ ਲਾਗ॥
**ਹੋਲੀ ਕੀਨੀ ਸੰਤ ਸੇਵ॥** ਰੰਗੁ ਲਾਗਾ ਅਤਿ ਲਾਲ ਦੇਵ॥੨॥
ਮਨੁ ਤਨੁ ਮਉਲਿਓ ਅਤਿ ਅਨੂਪ॥ ਸੂਕੈ ਨਾਹੀ ਛਾਵ ਧੂਪ॥
ਸਗਲੀ ਰੂਤੀ ਹਰਿਆ ਹੋਇ॥ ਸਦ ਬਸੰਤ ਗੁਰ ਮਿਲੇ ਦੇਵ॥੩॥
ਬਿਰਖੁ ਜਮਿਓ ਹੈ ਪਾਰਜਾਤ॥ ਫੂਲ ਲਗੇ ਫਲ ਰਤਨ ਭਾਂਤਿ॥
ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ॥ ਜਨ ਨਾਨਕ ਹਰਿ ਹਰਿ ਹਰਿ ਧਿਆਇ॥੪॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੮੦)

**ਬਸੰਤ ਸ਼ੁੱਧ (ਪੁਰਾਤਨ)** **ਦੀਪਚੰਦੀ**

| | | | | | | | | | | | | | |
|---|---|---|---|---|---|---|---|---|---|---|---|---|---|
| × | | | 2 | | | | 0 | | | 3 | | | |
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
| ਧਾ | ਧਿੰ | ऽ | ਧਾ | ਧਾ | ਤਿੰ | ऽ | ਤਾ | ਤਿੰ | ऽ | ਧਾ | ਧਾ | ਧਿੰ | ऽ |
| **ਸਥਾਈ** | | | | | | | | | | ਧ | – | ਨੀ | – |
| | | | | | | | | | | ਹੋ | ऽ | ਲੀ | ऽ |
| ਸਂ | – | – | ਸਂ | – | – | – | ਨੀ | – | – | ਧ | – | – | ਧ |
| ਕੀ | ऽ | ऽ | ਨੀ | ऽ | ऽ | ऽ | ਸੰ | ऽ | ऽ | ऽ | ऽ | ਤ | ऽ |
| ਨੀ | – | – | ਧ | – | ਪ | – | ਮ | – | – | ਮ | ਮ | ਮ | – |
| ਸੇ | ऽ | ऽ | ऽ | ऽ | ऽ | ऽ | ਵ | ऽ | ऽ | ਰੰ | ਗੁ | ਲਾ | ऽ |
| ਗ | – | ਮ | (ਗ)ਰੇ | – | ਸ | – | ਗ | ਗ | – | ਮ | – | – | ਮ |
| ਗਾ | ऽ | ऽ | ऽ | ऽ | ऽ | ऽ | ਅ | ਤਿ | ऽ | ਲਾ | ऽ | ऽ | ਲ |
| (ਨੀ)ਧ | – | – | ਨੀ | – | – | – | ਸਂ | – | – | ਧ | – | ਨੀ | – |
| ਦੇ | ऽ | ऽ | ऽ | ऽ | ऽ | ऽ | ਵ | ऽ | ऽ | ਹੋ | ऽ | ਲੀ | ऽ |
| ਸਂ | – | – | ਸਂ | – | – | – | – | – | – | | | | |
| ਕੀ | ऽ | ऽ | ਨੀ | ऽ | ऽ | ऽ | ऽ | ऽ | ऽ | | | | |
| **ਅੰਤਰਾ** | | | | | | | | | | ਗ | ਮ | (ਨੀ)ਧ | ਨੀ |
| | | | | | | | | | | ਗੁ | ਰ | ਸੇ | ऽ |
| ਸਂ | ਸਂ | – | – | – | – | – | – | – | – | ਸਂ | ਸਂ | ਸਂ | ਸਂਸਂ |
| ਵ | ਉ | ऽ | ऽ | ऽ | ऽ | ऽ | ऽ | ऽ | ऽ | ਕ | ਰਿ | ਨ | ਮਸ |
| ਸਂ | – | ਸਂ(ਨੀ) | ਸਂ | ਨੀ | ਧ | – | – | – | – | ਧ | – | ਨੀ | ਸਂ |
| ਕਾ | ऽ | ऽ | ਰऽ | ऽ | ऽ | ऽ | ऽ | ऽ | ऽ | ਆ | ऽ | ਜੁ | ਹ |

| | | | | | | | | | | | | | |
|---|---|---|---|---|---|---|---|---|---|---|---|---|---|
| ਸਂ | ਮਂ | – | ਗਂ | ਗਂ | – | – | [ਰੇ]ਸਂ | – | – | ਧ | – | ਨੀ | ਨੀ |
| ਮਾ | ऽ | ऽ | ਰੈ | ऽ | ऽ | ऽ | ऽ | ऽ | ऽ | ਮੰ | ऽ | ਗ | ਲ |
| ਸਂ | – | – | – | – | – | – | – | – | – | ਮ | – | ਧ | ਨੀ |
| ਚਾ | ऽ | ऽ | ਰ | ऽ | ऽ | ऽ | ऽ | ऽ | ऽ | ਆ | ऽ | ਜ | ਹ |
| ਸਂ | – | – | ਸਂ | – | – | – | – | – | – | ਸਂ | ਸਂ | – | ਸਂ |
| ਮਾ | ऽ | ऽ | ਰੈ | ऽ | ऽ | ऽ | ऽ | ऽ | ऽ | ਮ | ਹਾ | ऽ | ਅ |
| ਸਂ | – | ਸਂ[ਨੀ] | ਰੇਂਸਂ | ਨੀ | ਧ | – | – | – | – | ਧ | – | ਨੀ | ਸਂ |
| ਨੰ | ऽ | ऽ | ਦ | ऽ | ऽ | ऽ | ऽ | ऽ | ऽ | ਚਿੰ | ऽ | ਤ | ਲ |
| ਸਂ | ਮਂ | – | ਗਂ | – | – | ਰੇਂ | ਸਂ | – | – | ਧ | ਧ | ਨੀ | ਨੀ |
| ਥੀ | ऽ | ऽ | ऽ | ऽ | ऽ | ऽ | ऽ | ऽ | ऽ | ਭੇ | ਟੇ | ऽ | ਗੋ |
| ਸਂ | – | – | – | – | – | – | – | – | – | ਸਂ | – | ਸਂ | ਸਂ |
| ਬਿੰ | ऽ | ऽ | ਦ | ऽ | ऽ | ऽ | ऽ | ऽ | ऽ | ਚਿੰ | ऽ | ਤ | ਲ |
| ਸਂ | – | ਸਂ[ਨੀ] | ਰੇਂਸਂ | ਨੀ | ਧ | – | – | – | – | ਧ | ਧ | – | ਧ |
| ਥੀ | ऽ | ऽ | ऽऽ | ऽ | ऽ | ऽ | ऽ | ऽ | ऽ | ਭੇ | ਟੇ | ऽ | ਗੋ |
| ਨੀ | – | – | ਧ | – | ਪ | – | ਮ | – | – | ਮ | – | ਮ | ਪ |
| ਬਿੰ | ऽ | ऽ | ऽ | ऽ | ऽ | ऽ | ਦ | ऽ | ऽ | ਚਿੰ | ऽ | ਤ | ਲ |
| ਗ | – | ਮ | ਰੇ | – | ਸ | – | ਗ | ਗ | – | ਮ | – | ਮ | – |
| ਥੀ | ऽ | ऽ | ऽ | ऽ | ऽ | ऽ | ਭੇ | ਟੇ | ऽ | ऽ | ऽ | ਗੋ | ऽ |
| ਧ | – | – | ਨੀ | – | – | – | ਰੇਂਸਂ | ਨੀਨੀ | ਧ | ਧ | – | ਨੀ | – |
| ਬਿੰ | ऽ | ऽ | ऽ | ऽ | ऽ | ऽ | ਦऽ | ऽऽ | ऽ | ਹੋ | ऽ | ਲੀ | ऽ |

### 10. ਦੋਹਿਰਾ (ਸ਼ਸਤਰ ਮਾਲਾ ਪਾ: ੧੦)

**ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥**
ਸੈਫ਼ ਸਰੋਹੀ ਸੈਥੀ ਯਹੈ ਹਮਾਰੈ ਪੀਰ॥੩॥
ਤੀਰ ਤੁਹੀ ਸੈਥੀ ਤੁਹੀ ਤੁਹੀ ਤਬਰ ਤਰਵਾਰ॥
ਨਾਮ ਤਿਹਾਰੋ ਜੋ ਜਪੈ ਭਯੇ ਸਿੰਧ ਭਵ ਪਾਰ॥੪॥
ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ਼ ਅਰੁ ਤੀਰ॥
ਤੁਹੀ ਨਿਸਾਨੀ ਜੀਤ ਕੀ ਆਜੁ ਤੁਹੀ ਜਗ ਬੀਰ॥੫॥

ਬਸੰਤੁ ਹਿੰਡੋਲ (ਰਿਸ਼ਭ ਸਹਿਤ) ਇਕਤਾਲ

| | | | | | | | | | | | |
|---|---|---|---|---|---|---|---|---|---|---|---|
| × | | 0 | | 2 | | 0 | | 3 | | 4 | |
| 1 | 2 | 3 | 4 | 5 | 6 | 7 | 8 | 9 | 10 | 11 | 12 |
| ਧਿੰ | ਧਿੰ | ਧਾਗੇ | ਤਿਰਕਿਟ | ਤੂ | ਨਾ | ਕ | ਤਾ | ਧਾਗੇ | ਤਿਰਕਿਟ | ਧਿੰ | ਨਾ |
| **ਸਥਾਈ** | | | | | | | | | | | |
| ਸਂ | ਸਂ | – | ਸਂ | ਸਂ | – | ਸਂ | ਨੀ | ਧ | ਨੀ | ਧ | ਮ'– |
| ਅ | ਸ | ऽ | ਕ੍ਰਿ | ਪਾ | ऽ | ਨ | ਖੰ | ऽ | ਡੋ | ਖ | ੜਗ |
| ਗ | ਗਗ | ਗ | ਗ | ਗਗ | ਗ | ਗ | ਮ' | ਗ | ਰੇ | ਸ | – |
| ਤੁ | ਪਕ | ਤ | ਬਰ | ਅ | ਰੁ | ਤੀ | ऽ | ऽ | ਰ | ऽ | ऽ |
| ਮ | –ਮ | ਮ | ਮ | – | ਮ | ਮ | – | ਮ' | ਮ'ਗ | – | – |
| ਸੈ | ऽਫ | ਸ | ਰੋ | ऽ | ਹੀ | ਸੈ | ऽ | ऽ | ਥੀ | ऽ | ऽ |
| ਮ' | ਮ' | ਮ' | ਧ | – | ਧ | ਸਂ | – | ਨੀ | ਨੀ | – | ਧ |
| ਯ | ਹੈ | ਹ | ਮਾ | ऽ | ਰੈ | ਪੀ | ऽ | ऽ | ਰ | ऽ | ऽ |
| **ਅੰਤਰਾ** | | | | | | | | | | | |
| ਗ | – | ਗ | ਮ'ਧ | – | ਧ | ਨੀਸਂ | – | ਸਂ | ਸਂ | – | ਸਂ |
| ਤੀ | ऽ | ਰ | ਤੁऽ | ऽ | ਹੀ | ਸੈ | ऽ | ਥੀ | ਤੁ | ऽ | ਹੀ |
| ਧ | ਧ | ਨੀ | ਸਂਸਂ | ਗਂ | ਗਂ | ਮਂ' | ਗਂ | ਰੇਂ | ਸਂ | – | – |
| ਤੁ | ਹੀ | ਤ | ਬਰ | ਤ | ਰ | ਵਾ | ऽ | ऽ | ਰ | ऽ | ऽ |
| ਗ | – | ਗ | ਮ' | – | ਧ | ਸਂ | – | ਸਂ | ਸਂ | – | – |
| ਨਾ | ਮ | ਤਿ | ਹਾ | ऽ | ਰੋ | ਜੋ | ऽ | ਜ | ਪੈ | ऽ | ऽ |
| ਧ | ਧ | ਨੀ | ਸਂ | ਗਂ | ਗਂ | ਮਂ' | ਗਂ | ਰੇ | ਸਂ | – | – |
| ਭ | ਯੇ | ਸਿੰ | ਧ | ਭ | ਵ | ਪਾ | ऽ | ऽ | ਰ | ऽ | ऽ |
| ਸਂ | ਸਂ | ਸਂ | ਸਂ | ਸਂ | ਸਂ | ਸਂਨੀ | ਧਨੀ | ਸਂਰੇਂ | ਸਂਨੀ | ਨੀ | ਧ |
| ਭ | ਯੇ | ਸਿੰ | ਧ | ਭ | ਵ | ਪਾऽ | ऽऽ | ऽऽ | ऽऽ | ऽ | ऽ |

## 11. ਬਸੰਤ ਪਉੜੀ

ਬਸੰਤ ਸ਼ੁੱਧ (ਪੁਰਾਤਨ) ਪਉੜੀ ਤਾਲ

ਸਂ – – – – – – – – – | ਨੀ – ਧ – – – – – – –


ਬ ਸੰ ਤ ਕੀ ਵਾ ਰ ਮ ਹ ਲੁ ਪ | ੧ ਓ ਸ ਤਿ ਗੁ ਰ ਪ੍ਰ ਸਾ ਦਿ

| | | | | | | | |
|---|---|---|---|---|---|---|---|
| × | | 0 | | × | | 0 | |
| 1 | 2 | 3 | 4 | 1 | 2 | 3 | 4 |
| ਗੇ | ਤਿਟ | ਤਾ | ਗੇਤਾ | ਗੇ | ਤਿਟ | ਤਾ | ਗੇਤਾ |
| ਸਂਸਂ,ਸਂ | ਸਂਸਂ,ਸਂ | ਸਂਸਂ | ਸਂ | ऽਨੀਨੀ | ਨੀਨੀ,ਸਂ | ਨੀਧ | ਧ |
| ਹਰਿ,ਕਾ | ਨਾਮੁ,ਧਿ | ਆਇ | ਕੈ | ਹੋਹੁ | ਹਰਿ,ਆ | ਭਾ | ਈ |

| | | | |
|---|---|---|---|
| ਸੰਸਂ,ਸੰਸਂ | ਸੰਸਂ | ਸੰਸਂ | ਸਂ |
| ਕਰ ਮਿ | ਲਿ ਖੰਤੈ | ਪਾਈ | ਐ |
| ਗਗ | ਮਮ | [ਨੀ]ਧਧ | ਨੀਨੀ |
| ਵਣੁ | ਤ੍ਰਿਣੁ | ਤ੍ਰਿਭ | ਵਣੁ |
| – | ਸਂ | ਸੰਸਂ | ਸੰਸਂ |
| ऽ | ਅੰ | ਮ੍ਰਿਤ | ਫਲੁ |
| ਗਗ | ਮ | ਧ | ਨੀਨੀ |
| ਮਿਲਿ | ਸਾ | ਧੂ | ਸੁਖੁ |
| – | ਸਂ | ਸਂ | ਸੰਸਂ |
| ऽ | ਲ | ਥੀ | ਸਭ |
| [ਨੀ]ਧ | ਧਧ | ਨੀਨੀ | ਸਂ |
| ਨਾ | ਨਕੁ | ਸਿਮ | ਰੈ |
| ਧਧ | ਨੀਨੀ | ਸਂ | ਸਂ |
| ਬਹੁ | ੜਿ ਨ | ਧਾ | ਈ |
| ਨੀ | ਨੀਸਂ | [ਨੀ]ਧ,ਧ | ਧਧ |
| ਏ | ਕ ਨਾ | ऽਮੁ | ਫਿਰਿ |
| ਮਮ | ਮਮ | ਮਮ,-ਮ | ਮ,ਮਮ |
| ਪੰਜੇ | ਬਧੇ | ਮਹਾ,ऽਬ | ਲੀ ਕਰ |
| ਨੀਨੀ,ਨੀ | ਨੀਨੀ | [ਨੀ]ਧਧ | ਧਧ,ਧਧ |
| ਆਪਣੇ | ਚਰਣ ਜ | ਪਾਇ | ਅਨ,ਵਿਚਿ |
| ਮ,ਮਮ | -ਮ,ਮ | ਮ,ਮਮ | ਮ,ਮਮ |
| ਰੋਗ ਸੋ | ऽਗ ਸਭਿ | ਮਿਟਿ ਗ | ਏ ਨਿਤ |
| ਨੀ,ਨੀ | ਨੀਨੀ,ਨੀ | ਧਧ | ਧ ਧਧ |
| ਦਿਨੁ ਰੈਣਿ | ਨਾਮੁ ਧਿ | ਆਇ | ਦਾ ਫਿਰਿ |
| ਗਗ | ਮ | [ਨੀ]ਧਧ | ਨੀਨੀ |
| ਜਿਸ | ਤੇ | ਉਪ | ਜਿਆ |
| ਸਂ | ਸੰਸਂ | ਸਂ | ਸਂ |
| ਈ | ਫਿਰਿ | ਹੋ | ਆ |
| ਨੀ | ਨੀਨੀ | – | ਨੀਧ |
| ਨਾ | ਨਕਾ | ऽ | ਸੋऽ |
| ਸਂ | ਸੰਸਂ | ਸੰਸਂ | ਸਂ |
| ਕਿ | ਥਹੁ | ਉਪ | ਜੈ |

| | | | |
|---|---|---|---|
| ਨੀਨੀ | ਨੀਨੀ,ਸਂ | [ਨੀ]ਧ | ਧ |
| ਇਹ | ਰੁਤਿ,ਸੁ | ਹਾ | ਈ |
| -ਸੰਸਂ | -ਸਂ | ਸਂ | – |
| ऽ,ਮਉ | ऽਲਿ | ਆ | ऽ |
| ਨੀ | ਨੀ | [ਨੀ]ਧ | – |
| ਪਾ | ऽ | ਈ | ऽ |
| -ਸਂ | -ਸਂ | ਸਂ | – |
| ऽਊ | ऽਪ | ਜੈ | ऽ |
| ਨੀ | – | [ਨੀ]ਧ | – |
| ਛਾ | ऽ | ਈ | ऽ |
| ਗਂਰੇ | ਰੇਂਸਂ | -ਸਂ | ਸੰਸਂ |
| ਏऽ | ਕੁ ਨਾ | ऽਮੁ | ਫਿਰਿ |
| ਸਂ | ਸੰਸਂ | ਸੰਸਂ | ਸਂ |
| ਨਾ | ਨਕ | ਸਿਮ | ਰੈ |
| ਨੀਧ | ਧਪ | ਪਮ | ਮ |
| ਬਹੁ | ੜਿ ਨਾ | ਧਾऽ | ਈ ॥੧॥ |
| ਗਗ | ਗਗ | – | – |
| ਸਚਾ | ਢੋਆ | ऽ | ऽ |
| ਪਪ,ਮ | ਮਮ | – | – |
| ਦਯੁ,ਖ | ੜੋਆ | ऽ | ऽ |
| ਗਗ,-ਗ | ਗਗ | – | – |
| ਨਵਾऽ ਨ | ਰੋਆ | ऽ | ऽ |
| ਪਪ-ਪ | ਮਮ | – | – |
| ਪਾਇऽਨ | ਮੋਆ | ऽ | ऽ |
| -ਸਂ | -ਸਂ | ਸਂ | ਸਂ |
| ऽਨਾ | ऽਨ | ਕਾ | ਸੋ |
| -ਸਂ | ਸੰਸਂ | ਸੰਸਂ | ਸੰਸਂ |
| ऽਜਿ | ਸ ਤੇ | ਉਪ | ਜਿਆ |
| ਨੀਧ | ਧਪ | ਪਮ | ਮ |
| ਈऽ | ਫਿਰਿ | ਹੋऽ | ਆ ॥੨॥ |
| ਨੀਨੀ, | ਨੀਨੀ | – | ਨੀਨੀ |
| ਕਹਿ, | ਰਹੈ | ऽ | ਕਹ |

| | | | | | | | |
|---|---|---|---|---|---|---|---|
| ਨੀਨੀ | –ਨੀ | ਨੀਧ | ਧ | – | – | – | – |
| ਮਾਹਿ | ऽਸ | ਮਾ | ਵੈ | ऽ | ऽ | ऽ | ऽ |
| ਸੰ– | –ਸੰ | –ਸੰ | ਸੰਸੰ | ਨੀ,ਨੀਨੀ | ਨੀ | – | ਨੀਨੀ,ਨੀ |
| ਜੀਅ | ऽਜੰ | ऽਤ | ਸਭਿ | ਖ,ਸਮ | ਕੇ | ऽ | ਕਉ,ਣੁ |
| ਨੀ | ਨੀਨੀ | ਨੀਧ | ਧ | – | – | – | – |
| ਕੀ | ਮਤਿ | ਪਾ | ਵੈ | ऽ | ऽ | ऽ | ऽ |
| ਗਗ | ਮਮ | ਨੀਧ | ਨੀਨੀ | ਸੰ,ਸੰਸੰ | ਸੰਸੰ | – | ਸੰ |
| ਕਹ | ਨਿ ਧਿ | ਆ | ਇਨਿ | ਸੁਣਨਿ | ਨਿਤ | ऽ | ਸੇ |
| ਨੀਨੀ | ਨੀਨੀ | ਨੀ | (ਸੰ) | ਨੀਧ | – | – | – |
| ਭਗ | ਤ ਸੁ | ਹਾ | ਵੈ | ऽ | ऽ | ऽ | ऽ |
| ਗਗ | ਮਮ | ਨੀਧ | ਨੀਨੀ | ਸੰਸੰ | ਸੰ | ਸੰ | ਸੰਸੰ |
| ਅਗ | ਮੁ ਅ | ਗੋ | ਚਰੁ | ਸਾਹਿ | ਬੋ | ਦੂ | ਸਰੁ |
| ਸੰਸੰ | ਸੰ | ਨੀ | (ਸੰ) | ਨੀਧ | – | – | – |
| ਲਵੈ | ਨ | ਲਾ | ਵੈ | ऽ | ऽ | ऽ | ऽ |
| ਸੰਸੰ | ਨੀਧ | ਧਨੀ | ਸੰਗੰ | ਗੰਗੰ | ਰੇਂਸੰ | ਸੰਸੰ | – |
| ਸਚੁ | ਪੂ | ਰੈऽ | ਗੁਰਿ | ਉਪ | ਦੇऽ | ਸਿਆ | ऽ |
| ਧਧ | ਨੀਨੀ | ਸੰ | ਸੰ | –ਸੰ | –ਸੰ | ਸੰ | –ਸੰ |
| ਨਾਨ | ਕੁ ਸੁ | ਣਾ | ਵੈ | ऽਤੇ | ऽਰਾ | ਨਾ | ऽਮ |
| ਨੀਨੀ | (ਸੰ) | ਨੀਧ | ਧਧ | ਨੀਧ | ਧਧ | ਧਪ | ਪਮ |
| ਸਤ | ਹੈऽ | ऽ | ਬੋਲੋ | ਵਾਹਿ | ਗੁਰੂ | ਜੀऽ | ਕਾऽ |
| ਮਮ | ਮ | – | – | ਸਗ,ਗਗ | ਮਮ | ਧ,ਧਧ | ਧ |
| ਖਾਲ | ਸਾ | ऽ | ऽ | ਵਾਹਿ,ਗੁਰੂ | ਜੀਕੀ | ਫਤਹਿ ਵਾਹਿਗੁਰੂ | |
| ਨੀਨੀ | ਨੀ,ਨੀਨੀ | ਸੰ | ਸਸੰ | ਸਗਗਗ | ਮਮ | ਧ,ਧਧ | ਧਧਧਧ |
| ਜੀਕੀ | ਫਤਿਹ | ਵਾਹਿਗੁਰੂ | ਜੀਕੀ | ਵਾਹਿਗੁਰੂ | ਜੀਕੀ | ਫਤਹਿ | ਵਾਹਿਗੁਰੂ |
| ਨੀਨੀ | ਨੀ,ਨੀਨੀ | ਸੰਸੰ | ਸੰਸੰ | ਗਗਗਗ | ਮਮ | ਧ,ਧਧ | ਧ,ਧਧ |
| ਜੀਕੀ | ਫ,ਤਿਹ | ਵਾਹਿਗੁਰੂ | ਜੀਕੀ | ਵਾਹਿਗੁਰੂ | ਜੀਕੀ | ਫਤਿਹ | ਵਾਹਿਗੁਰੂ |
| ਨੀਨੀ | ਨੀ,ਨੀਨੀ | ਨੀਨੀਨੀਨੀ | ਨੀਨੀ | ਨੀ | ਸੰਸੰ | | |
| ਜੀਕ | ਫ,ਤਿਹ | ਵਾਹਿਗੁਰੂ | ਜੀਕੀ | ਫ | ਤਿਹ | | |



## ਡਾ. ਗੁਰਨਾਮ ਸਿੰਘ

ਡਾ. ਗੁਰਨਾਮ ਸਿੰਘ ਪਿਛਲੇ ਤੀਹ ਸਾਲਾਂ ਤੋਂ ਦੇਸ਼ ਵਿਦੇਸ਼ ਦੀਆਂ ਯੂਨੀਵਰਸਿਟੀਆਂ ਨਾਲ ਬਤੌਰ ਪ੍ਰੋਫੈਸਰ, ਮੁਖੀ, ਡੀਨ ਤੇ ਵਿਜ਼ਟਿੰਗ ਪ੍ਰੋਫੈਸਰ ਵਜੋਂ ਕਾਰਜ ਕਰ ਰਹੇ ਹਨ। ਵਰਤਮਾਨ ਸਮੇਂ ਆਪ ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਸੰਗੀਤ ਵਿਭਾਗ ਦੇ ਫਾਊਂਡਰ ਪ੍ਰੋਫੈਸਰ ਤੇ ਮੁਖੀ ਹਨ। ਗੁਰਮਤਿ ਸੰਗੀਤ ਦੇ ਅਕਾਦਮਿਕ ਬਾਨੀ ਵਜੋਂ ਆਪ ਨੇ ਪੰਜਾਬੀ ਯੂਨੀਵਰਸਿਟੀ ਵਿਖੇ **ਗੁਰਮਤਿ ਸੰਗੀਤ ਚੇਅਰ** (2003); **ਗੁਰਮਤਿ ਸੰਗੀਤ ਵਿਭਾਗ** (2005); **ਭਾਈ ਰਣਧੀਰ ਸਿੰਘ ਆਨ-ਲਾਈਨ ਗੁਰਮਤਿ ਸੰਗੀਤ ਲਾਇਬਰੇਰੀ** (2010); **ਸੰਤ ਸੁੱਚਾ ਸਿੰਘ ਆਰਕਾਈਵਜ਼ ਆਫ ਮਿਊਜ਼ਿਕ** (2011) ਅਤੇ **ਗੁਰਮਤਿ ਗਿਆਨ ਆਨ ਲਾਈਨ ਟੀਚਿੰਗ** (2013) ਦੀ ਸਥਾਪਨਾ ਕਰਵਾਈ। ਸੰਗੀਤ ਦੇ ਖੇਤਰ ਵਿਚ 15 ਪ੍ਰਕਾਸ਼ਿਤ ਪੁਸਤਕਾਂ, 28 ਸੰਪਾਦਕੀ ਪੁਸਤਕਾਂ, 75 ਤੋਂ ਵਧੀਕ ਖੋਜ ਪੱਤਰ, 300 ਤੋਂ ਵੱਧ ਖੋਜ ਆਰਟੀਕਲਜ਼, 22 ਆਰਕਾਈਵਲ ਰਿਕਾਰਡਿੰਗਜ਼ ਅਤੇ ਕਈ ਡਾਕੂਮੈਂਟਰੀ ਫਿਲਮਾਂ ਆਦਿ ਤਿਆਰ ਕੀਤੀਆਂ ਹਨ। ਆਪ ਨੇ 1999 ਵਿਚ ਸਿੱਖ ਇਤਿਹਾਸ ਅਤੇ ਵਿਸ਼ਵ ਸੰਗੀਤ ਵਿਚ ਪਹਿਲੀ ਵਾਰ ਸ੍ਰੀ ਗੁਰੂਗ੍ਰੰਥ ਸਾਹਿਬ ਦੇ ਸੰਪੂਰਨ 31 ਮੁੱਖ ਰਾਗ ਅਤੇ 31 ਰਾਗ ਪ੍ਰਕਾਰਾਂ ਵਿਚ ਸ਼ਬਦ ਗਾਇਨ ਦੀ ਐਚ.ਐਮ.ਵੀ. ਦੁਆਰਾ ਰਿਕਾਰਡਿੰਗ ਕਰਵਾਉਣ ਦਾ ਵਿਸ਼ੇਸ਼ ਇਤਿਹਾਸਕ ਕਾਰਜ ਕੀਤਾ। ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਤੰਤੀ ਸਾਜ਼ਾਂ ਦੀ ਪੁਨਰ ਸੁਰਜੀਤੀ ਵਿਚ ਆਪ ਦਾ ਅਹਿਮ ਯੋਗਦਾਨ ਰਿਹਾ ਹੈ। ਆਪ 1999 ਵਿਚ ਹਏ ਪੰਜਾਬੀ ਲੋਕ ਸੰਗੀਤ ਮੇਲੇ ਦੇ ਸੰਸਥਾਪਕ ਡਾਇਰੈਕਟਰ ਰਹੇ। ਆਪ ਦੀ ਨਿਗਰਾਨੀ ਹੇਠ ਵਿਸ਼ਵ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਅਧੀਨ ਗੁਰਮਤਿ ਸੰਗੀਤ ਤੇ ਸੰਗੀਤ ਦੇ ਖੇਤਰ ਵਿਚ ਕਾਰਜ ਕਰ ਰਹੇ ਕਈ ਪ੍ਰੋਫੈਸਰ ਸਾਹਿਬਾਨ ਆਪ ਕੋਲੋਂ ਪੀ-ਐਚ.ਡੀ. ਕਰ ਚੁੱਕੇ ਹਨ ਅਤੇ ਕਈ ਵਿਦਿਆਰਥੀ ਪੀ-ਐਚ.ਡੀ. ਕਰ ਰਹੇ ਹਨ। ਵਿਸ਼ਵ ਪੱਧਰ 'ਤੇ ਵੱਖ-ਵੱਖ ਸੰਸਥਾਵਾਂ ਵਲੋਂ ਆਪ ਨੂੰ ਅਨੇਕ ਮਾਣ ਸਨਮਾਨ ਅਤੇ ਐਵਾਰਡ ਪ੍ਰਦਾਨ ਕੀਤੇ ਗਏ ਹਨ ਜਿਵੇਂ 2001 ਵਿਚ **ਸ਼ਰੋਮਣੀ ਰਾਗੀ ਐਵਾਰਡ**, ਪੰਜਾਬ ਸਰਕਾਰ; 2002 ਵਿਚ **ਸੀਨੀਅਰ ਫੈਲੋਸ਼ਿਪ**, ਸੰਗੀਤ ਨਾਟਕ ਅਕੈਡਮੀ ਨਵੀਂ ਦਿੱਲੀ; 2002 ਵਿਚ **ਵਿਸ਼ੇਸ਼ ਸਨਮਾਨ**, ਸ੍ਰੀ ਹਰਿਵੱਲਭ ਸੰਗੀਤ ਮਹਾਂਸਭਾ (ਰਜਿ.) ਜਲੰਧਰ; 2010 ਵਿਚ ਸੰਗੀਤ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਹਿਤ **ਸਟੇਟ ਐਵਾਰਡ, ਪੰਜਾਬ**; 2011 ਵਿਚ **ਸ਼ਰੋਮਣੀ ਰਾਗੀ ਐਵਾਰਡ**, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਆਦਿ।